Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 29 28/07/2026 www.samajweekly.com samajweekly @samajweekly samajweekly

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਫਿਰ ਦਿੱਤੀ ਧਮਕੀ

## ਕਿਹਾ : ਅਮਰੀਕਾ ਕੋਲ ਹਥਿਆਰਾਂ ਦੀ ਕੋਈ ਘਾਟ ਨਹੀਂ

**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਫਿਰ ਤੋਂ ਧਮਕੀ ਦਿੰਦਿਆਂ ਕਿਹਾ ਕਿ ਇਰਾਨ ਨਾਲ ਤਣਾਅ ਦੇ ਵਿਚਕਾਰ ਅਮਰੀਕਾ ਦੇ ਹਥਿਆਰ ਖ਼ਤਮ ਨਹੀਂ ਹੋ ਰਹੇ ਹਨ । ਉਹਨਾਂ ਕਿਹਾ ਕਿ ਸਾਡੇ ਕੋਲ ਦੁਨੀਆ ਵਿੱਚ ਸਭ ਤੋਂ ਵੱਧ ਹਥਿਆਰ ਹਨ, ਜ਼ਰੂਰਤ ਨਾਲੋਂ ਵੀ ਜ਼ਿਆਦਾ। ਟਰੰਪ ਦਾ ਇਹ ਬਿਆਨ ਉਨ੍ਹਾਂ ਮੀਡੀਆ ਰਿਪੋਰਟਾਂ ਤੋਂ ਬਾਅਦ ਆਇਆ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇਰਾਨ ਨਾਲ ਲਗਾਤਾਰ ਟਕਰਾਅ ਕਾਰਨ ਅਮਰੀਕਾ ਦੇ ਪੈਟ੍ਰੀਅਟ ਇੰਟਰਸੈਪਟਰ ਮਿਜ਼ਾਈਲਾਂ ਦਾ ਭੰਡਾਰ ਘੱਟ ਰਿਹਾ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਕਈ ਅੀ ਤਸਵੀਰਾਂ ਸ਼ੇਅਰ ਕੀਤੀਆਂ। ਇੱਕ ਤਸਵੀਰ ਵਿੱਚ ਇਰਾਨ ਦੇ ਸਭ ਤੋਂ ਵੱਡੇ ਤੇਲ ਨਿਰਯਾਤ ਕੇਂਦਰ 'ਖਾਰਗ ਆਈਲੈਂਡ' 'ਤੇ ਹਵਾਈ ਹਮਲਾ ਦਿਖਾਇਆ



ਗਿਆ । ਇਸ ਦੇ ਨਾਲ ਉਨ੍ਹਾਂ ਨੇ ਲਿਖਿਆ ਕਿ ਸਟ੍ਰਾਈਕ ਆਨ ਖਾਰਗ"। ਇਸ ਤੋਂ ਬਾਅਦ ਉਹਨਾਂ ਨੇ ਕੁਝ ਹੋਰ ਅੀ ਤਸਵੀਰਾਂ ਪੋਸਟ ਕੀਤੀਆਂ, ਜਿਹਨਾਂ ਵਿੱਚ ਇੱਕ ਇਰਾਨੀ ਤੇਲ ਟੈਂਕਰ 'ਤੇ ਅਮਰੀਕੀ ਝੰਡਾ ਨਜ਼ਰ ਆ ਰਿਹਾ ਹੈ । ਇੱਕ ਦੂਜੀ ਤਸਵੀਰ ਵਿੱਚ ਜਹਾਜ਼ ਨੂੰ ਉੱਡਦਾ ਹੋਇਆ ਦਿਖਾਇਆ ਗਿਆ, ਜਿਸ ਦੇ ਨਾਲ ਲਿਖਿਆ ਸੀ- “ਨੋ ਮੋਰ ਇੰਜਣਜ਼”।

# ਮੰਤਰੀ ਹਰਪਾਲ ਚੀਮਾ ਅਤੇ ਹਰਜੋਤ ਬੈਂਸ ਨਾਲ ਹੋਈ ਮੀਟਿੰਗ ਤੋਂ ਬਾਅਦ ਸਫਾਈ ਕਰਮਚਾਰੀਆਂ ਦੀ ਹੜਤਾਲ ਖ਼ਤਮ

## ਸਫ਼ਾਈ ਕਰਮਚਾਰੀਆਂ ਦੀ ਤਨਖਾਹ ’ਚ ਕੀਤਾ ਗਿਆ ਵਾਧਾ

**ਚੰਡੀਗੜ੍ਹ :** ਪੰਜਾਬ ਸਰਕਾਰ ਵਲੋਂ ਸਫਾਈ ਕਰਮਚਾਰੀਆਂ ਦੇ ਹੱਕ ਵਿਚ ਵੱਡਾ ਫੈਸਲਾ ਲਿਆ ਗਿਆ ਹੈ। ਸਫਾਈ ਕਰਮਚਾਰੀਆਂ ਦੀ ਹੜਤਾਲ ਖ਼ਤਮ ਹੋ ਗਈ ਹੈ। ਸਫ਼ਾਈ ਕਰਮਚਾਰੀਆਂ ਵੱਲੋਂ ਹੜਤਾਲ ਖ਼ਤਮ ਕਰਨ ਦਾ ਫ਼ੈਸਲਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕੈਬਨਿਟ ਮੰਤਰੀ ਹਰਜੋਤ ਬੈਂਸ ਨਾਲ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਰਨਾਲਾ ਕੇਸ ਵਿਚ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਹੈ ਅਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਐਸ.ਸੀ. ਐਕਟ ਤਹਿਤ



ਐਫ.ਆਈ. ਆਰ ਦਰਜ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਫਾਈ ਕਰਮਚਾਰੀਆਂ ਦੀਆਂ ਤਨਖ਼ਾਹਾਂ ਵਿਚ ਪੰਜਾਬ ਸਰਕਾਰ ਵੱਲੋਂ ਵਾਧਾ ਕੀਤਾ ਗਿਆ ਹੈ । ਸਫ਼ਾਈ ਕਰਮਚਾਰੀਆਂ ਦੀ ਤਨਖ਼ਾਹ 10,500 ਤੋਂ ਵਧਾ ਕੇ 20,500 ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਠੇਕੇ ’ਤੇ ਕੰਮ ਕਰਨ ਵਾਲੇ ਸਫ਼ਾਈ ਕਰਮਚਾਰੀ 4 ਸਾਲ ਬਾਅਦ ਪੱਕੇ ਹੋਣਗੇ।

# ਅੰਮ੍ਰਿਤਸਰ ਪੁਲਿਸ ਨੇ 2 ਕਿਲੋ ਹੈਰੋਇਨ ਸਮੇਤ 4 ਮੁਲਜ਼ਮਾਂ ਨੂੰ ਕੀਤਾ ਕਾਬੂ

## ਮੁਲਜ਼ਮਾਂ ਕੋਲੋਂ 5 ਪਿਸਤੌਲ ਅਤੇ 5 ਲੱਖ ਰੁਪਏ ਦੀ ਡਰੱਗ ਮਨੀ ਹੋਈ ਬਰਾਮਦ

**ਅੰਮ੍ਰਿਤਸਰ :** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ, ਸਰਹੱਦ ਪਾਰ ਤੋਂ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਮੋਡਿਊਲ ਦਾ ਪਰਦਾਫਾਸ਼ ਕਰਕੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5 ਅਤਿ-ਆਧੁਨਿਕ ਪਿਸਤੌਲ, 2.015 ਕਿੱਲੋ ਹੈਰੋਇਨ ਅਤੇ 5 ਲੱਖ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਰਹੱਦ ਪਾਰ ਤੋਂ ਤਸਕਰੀ ਵਿੱਚ




ਸ਼ਾਮਲ ਸਨ। ਇਸ ਨੈੱਟਵਰਕ ਦੇ ਅਗਲੇ ਅਤੇ ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਇਸ ਗਿਰੋਹ ਨਾਲ ਜੁੜੇ ਹੋਰ ਸਾਰੇ ਸਾਥੀਆਂ ਦੀ ਪਛਾਣ ਕਰਨ ਲਈ ਅੱਗੇ ਦੀ ਤਫ਼ਤੀਸ਼ ਜਾਰੀ ਹੈ। ਪੰਜਾਬ ਪੁਲਿਸ ਸਰਹੱਦ ਪਾਰ ਦੇ ਤਸਕਰੀ ਨੈੱਟਵਰਕਾਂ ਨੂੰ ਖਤਮ ਕਰਨ ਅਤੇ ਇੱਕ ਸੁਰੱਖਿਅਤ ਤੇ ਨਸ਼ਾ-ਮੁਕਤ ਪੰਜਾਬ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਅਸਾਮ ਵਿੱਚ ਹੜ੍ਹ ਕਾਰਨ ਮ੍ਰਿਤਕਾਂ ਦੀ ਗਿਣਤੀ ਵਧ ਕੇ 68 ਹੋਈ

**ਗੁਹਾਟੀ।** ਅਸਾਮ ਵਿੱਚ ਇਸ ਸਾਲ ਆਏ ਭਿਆਨਕ ਹੜ੍ਹਾਂ ਦੀ ਸਥਿਤੀ ਵਿੱਚ ਭਾਵੇਂ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ, ਪਰ ਦੋ ਹੋਰ ਵਿਅਕਤੀਆਂ ਦੀ ਮੌਤ ਹੋਣ ਨਾਲ ਮ੍ਰਿਤਕਾਂ ਦੀ ਕੁੱਲ ਗਿਣਤੀ ਵਧ ਕੇ 68 ਹੋ ਗਈ ਹੈ। ਸਰਕਾਰੀ ਅਧਿਕਾਰੀਆਂ ਨੇ ਅੱਜ ਦੱਸਿਆ ਕਿ ਸੂਬੇ ਦੇ ਪੰਜ ਜ਼ਿਲ੍ਹਿਆਂ ਵਿੱਚ ਹਾਲੇ ਵੀ 5.24 ਲੱਖ ਤੋਂ ਵੱਧ ਲੋਕ ਹੜ੍ਹਾਂ ਦੀ ਮਾਰ ਹੇਠ ਹਨ। ਤਾਜ਼ਾ ਦੋ ਮੌਤਾਂ ਚਰਾਈਦੇਓ ਜ਼ਿਲ੍ਹੇ ਤੋਂ ਦਰਜ ਕੀਤੀਆਂ ਗਈਆਂ ਹਨ, ਜੋ ਕਿ ਇਸ ਸਮੇਂ ਹੜ੍ਹਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਇਲਾਕਾ ਹੈ, ਜਿੱਥੇ ਲਗਭਗ 1.9 ਲੱਖ ਲੋਕ ਪਾਣੀ ਦੀ ਮਾਰ ਝੱਲ ਰਹੇ ਹਨ। ਹੋਰ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਗੋਲਾਘਾਟ, ਜੋਰਹਾਟ, ਨਗਾਓਂ ਅਤੇ ਸ਼ਿਵਸਾਗਰ ਸ਼ਾਮਲ ਹਨ। ਅਧਿਕਾਰੀਆਂ ਅਨੁਸਾਰ ਚਾਰ ਜ਼ਿਲ੍ਹਿਆਂ ਵਿੱਚ ਕੁੱਲ 354 ਰਾਹਤ ਕੈਂਪ ਅਤੇ ਸਹਾਇਤਾ ਵੰਡ ਕੇਂਦਰ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚ 37,724 ਬੇਘਰ ਹੋਏ ਲੋਕਾਂ ਦੀ ਦੇਖਭਾਲ ਕੀਤੀ ਜਾ ਰਹੀ ਹੈ। ਰਾਹਤ ਅਤੇ ਬਚਾਅ ਕਾਰਜਾਂ ਵਿੱਚ ਭਾਰਤੀ ਫ਼ੌਜ, ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ., ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਅਤੇ ਸਥਾਨਕ ਪੁਲੀਸ ਸਮੇਤ ਕਈ ਏਜੰਸੀਆਂ ਮੁਸਤੈਦੀ ਨਾਲ ਜੁਟੀਆਂ ਹੋਈਆਂ ਹਨ। ਹੜ੍ਹਾਂ ਕਾਰਨ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਧੁੱਸੀ ਬੰਨ੍ਹ, ਸੜਕਾਂ, ਪੁਲ ਅਤੇ ਹੋਰ ਬੁਨਿਆਦੀ ਢਾਂਚਾ ਬੁਰੇ ਤਰੀਕੇ ਨਾਲ ਨੁਕਸਾਨਿਆ ਗਿਆ ਹੈ। ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਦੱਸਿਆ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਬਿਜਲੀ ਸਪਲਾਈ ਬਹਾਲ ਕਰਨ ਦਾ ਕੰਮ ਪੜਾਅਵਾਰ ਢੰਗ ਨਾਲ ਚੱਲ ਰਿਹਾ ਹੈ।ਮੁੱਖ ਮੰਤਰੀ ਸਰਮਾ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਜਿਵੇਂ-ਜਿਵੇਂ ਅਸਾਮ ਹੜ੍ਹਾਂ ਦੀ ਮਾਰ ਤੋਂ ਉੱਭਰ ਰਿਹਾ ਹੈ, ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਬਿਜਲੀ ਬਹਾਲੀ ਦੇ ਯਤਨ ਜਾਰੀ ਹਨ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੌਰਾਨ ਸੁਰੱਖਿਆ ਵਜੋਂ ਬਿਜਲੀ ਬੰਦ ਕੀਤੀ ਗਈ ਸੀ, ਪਰ ਹੁਣ ਬਿਜਲੀ ਵਿਭਾਗ ਦੀਆਂ ਟੀਮਾਂ ਸੁਰੱਖਿਆ ਜਾਂਚਾਂ ਤੋਂ ਬਾਅਦ ਸ਼ਿਵਸਾਗਰ, ਜੋਰਹਾਟ, ਚਰਾਈਦੇਓ, ਧੂਬਰੀ, ਬੋਂਗਾਹੀਗਾਓਂ ਅਤੇ ਹੋਰ ਇਲਾਕਿਆਂ ਵਿੱਚ ਬਿਜਲੀ ਦੀ ਬਹਾਲੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਜ਼ਰੂਰੀ ਸੇਵਾਵਾਂ ਨੂੰ ਜਲਦ ਤੋਂ ਜਲਦ ਬਹਾਲ ਕਰਨ ਅਤੇ ਪ੍ਰਭਾਵਿਤ ਭਾਈਚਾਰਿਆਂ ਵਿੱਚ ਆਮ ਸਥਿਤੀ ਬਣਾਉਣ ਲਈ ਵਚਨਬੱਧ ਹੈ। ਹੜ੍ਹ ਤੋਂ ਬਾਅਦ ਮੁੜ ਵਸੇਬੇ ਦਾ ਕੰਮ ਤੇਜ਼ੀ ਨਾਲ ਕੀਤਾ ਜਾਵੇਗਾ ਅਤੇ ਨੁਕਸਾਨੇ ਗਏ ਸਕੂਲਾਂ ਤੇ ਬੁਨਿਆਦੀ ਢਾਂਚੇ ਦੀ ਪੂਰੀ ਮੁਰੰਮਤ ਕੀਤੀ ਜਾਵੇਗੀ। ਪ੍ਰਭਾਵਿਤ ਖੇਤਰਾਂ ਵਿੱਚ ਚਾਵਲ ਅਤੇ ਹੋਰ ਰਾਸ਼ਨ ਦੀ ਨਿਰੰਤਰ ਵੰਡ ਕੀਤੀ ਜਾ ਰਹੀ ਹੈ, ਡਾਕਟਰਾਂ ਦੀਆਂ ਟੀਮਾਂ ਸਿਹਤ ਸੰਭਾਲ ਵਿੱਚ ਜੁਟੀਆਂ ਹੋਈਆਂ ਹਨ ਅਤੇ ਲੋੜ ਪੈਣ ਤੇ ਜ਼ਰੂਰੀ ਵਸਤੂਆਂ ਨੂੰ ਹਵਾਈ ਰਸਤੇ ਰਾਹੀਂ ਵੀ ਪਹੁੰਚਾਇਆ ਜਾ ਰਿਹਾ ਹੈ।

## ਸ੍ਰੀ ਆਨੰਦਪੁਰ ਸਾਹਿਬ ਸਥਿਤ ਵਿਰਾਸਤ-ਏ-ਖ਼ਾਲਸਾ 31 ਜੁਲਾਈ ਤੱਕ ਸੈਲਾਨੀਆਂ ਲਈ ਬੰਦ

**ਸ੍ਰੀ ਆਨੰਦਪੁਰ ਸਾਹਿਬ :** ਸ੍ਰੀ ਆਨੰਦਪੁਰ ਸਾਹਿਬ ਵਿਖੇ ਆਉਣ ਵਾਲੇ ਸੈਲਾਨੀਆਂ ਲਈ ਇਹ ਇਕ ਅਹਿਮ ਖਬਰ ਹੈ, ਕਿ ਵਿਸ਼ਵ ਪ੍ਰਸਿੱਧ ਵਿਰ-ਾਸਤ-ਏ-ਖ਼ਾਲਸਾ ਸ੍ਰੀ ਆਨੰਦਪੁਰ ਸਾਹਿਬ ਨੂੰ ਸਾਲਾਨਾ ਰੱਖ-ਰਖਾਅ ਦੇ ਕੰਮਾਂ ਦੇ ਚੱਲਦਿਆਂ 25 ਜੁਲਾਈ ਤੋਂ 31 ਜੁਲਾਈ ਤੱਕ ਆਮ ਸੈਲਾਨੀਆਂ ਲਈ ਬੰਦ ਰੱਖਿਆ ਜਾਵੇਗਾ । ਇਸ ਦੌਰਾਨ ਵਿਰਾਸਤ-ਏ-ਖ਼ਾਲਸਾ ਦੀ ਇਮਾਰਤ ਅਤੇ ਹੋਰ ਸਹੂਲਤਾਂ ਦੀ ਜ਼ਰੂਰੀ ਸਾਂਭ-ਸੰਭਾਲ ਕੀਤੀ ਜਾਵੇਗੀ । ਜੇਕਰ ਤੁਸੀਂ ਇੱਥੇ ਘੁੰਮਣ ਦਾ ਪ੍ਰੋਗਰਾਮ ਬਣਾ ਰਹੇ ਹੋ ਤਾਂ 31 ਜੁਲਾਈ ਤੋਂ ਬਾਅਦ ਹੀ ਇੱਥੇ ਆਉਣ ਦੀ ਯੋਜਨਾ ਬਣਾਓ। ਜ਼ਿਕਰਯੋਗ ਹੈ ਕਿ ਪੰਜਾਬ ਦੇ ਨਾਲ-ਨਾਲ ਵੱਖ-ਵੱਖ ਰਾਜਾਂ ਅਤੇ ਵਿਦੇਸ਼ਾਂ ਤੋਂ ਵੀ ਸੈਲਾਨੀ ਵਿਰਾਸਤ-ਏ-ਖਾਲਸਾ ਦੇਖਣ ਲਈ ਪਹੁੰਚਦੇ ਹਨ । ਜਦਿਕ ਸਕੂਲੀ ਬੱਚਿਆਂ ਦੇ ਟਰਿੱਪ ਵੀ



ਵਿਰਾਸਤ-ਏ-ਖਾਲਸਾ ਦੇਖਣ ਲਈ ਬਣਾਏ ਜਾਂਦੇ ਹਨ। ਇਸ ਲਈ 31 ਜੁਲਾਈ ਤੋਂ ਬਾਅਦ ਹੀ ਵਿਰਾਸਤ-ਏ-ਖਾਲਸਾ ਦੇਖਣ ਦਾ ਪ੍ਰੋਗਰਾਮ ਬਣਾਇਆ ਜਾਵੇ ਤਾਂ ਜੋ ਇੱਥੇ ਆ ਕੇ ਤੁਹਾਨੂੰ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ।

## ਪੁਲੀਸ ਤੇ ਹਮਲਾ ਕਰਨ ਵਾਲੇ 3 ਨਸ਼ਾ ਤਸਕਰ ਮੁਕਾਬਲੇ ਤੋਂ ਬਾਅਦ ਕਾਬੂ

### 2 ਤਸਕਰਾਂ ਨੂੰ ਲੱਗੀ ਗੋਲੀ, ਪੁਲੀਸ ਦੀ ਗੱਡੀ ਨੂੰ ਵੀ ਲੱਗੀ ਗੋਲੀ

ਐਸ ਏ ਐਸ ਨਗਰ, 27 ਜੁਲਾਈ (ਸ.ਬ.) ਬੀਤੀ 25 ਜੁਲਾਈ ਨੂੰ ਬਾਅਦ ਦੁਪਹਿਰ 4 ਵਜੇ ਦੇ ਕਰੀਬ ਨਸ਼ਾ ਤਸਕਰਾਂ ਵਲੋਂ ਪੁਲੀਸ ਟੀਮ ਤੇ ਹਮਲਾ ਕਰਕੇ ਦੋ ਪੁਲੀਸ ਮੁਲਾਜਮਾਂ ਨੂੰ ਜਖਮੀ ਕਰਨ ਅਤੇ ਆਪਣੇ ਦੋ ਸਾਥੀਆਂ ਨੂੰ ਛੁੜਾ ਕੇ ਲੈ ਜਾਣ ਦੇ ਮਾਮਲੇ ਵਿੱਚ ਪੁਲੀਸ ਵਲੋਂ ਇਸ ਮਾਮਲੇ ਦੇ ਤਿੰਨ ਮੁਲਜਮਾਂ ਨੂੰ ਦੁਪਹਿਰ ਵੇਲੇ ਹੋਏ ਇੱਕ ਪੁਲੀਸ ਮੁਕਾਬਲੇ ਤੋਂ ਬਾਅਦ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੁਲੀਸ ਵਲੋਂ ਦੱਸਿਆ ਗਿਆ ਹੈ ਕਿ ਮੁਕਾਬਲੇ ਦੌਰਾਨ ਦੋਵਾਂ ਪਾਸਿਆਂ ਤੋਂ ਹੋਈ ਗੋਲੀਬਾਰੀ ਦੌਰਾਨ ਦੋ ਮੁਲਜਮਾਂ ਨੂੰ ਗੋਲੀ ਲੱਗੀ ਹੈ ਜਦੋਂਕਿ ਤੀਜਾ ਠੀਕ ਹਾਲਤ ਵਿੱਚ ਹੈ। ਮੌਕੇ ਤੇ ਪਹੁੰਚੇ ਐਸ ਐਸ ਪੀ ਸਜ਼. ਹਰਮਨਦੀਪ ਸਿੰਘ ਹਾਂਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ 25 ਜੁਲਾਈ ਨੂੰ ਪੁਲੀਸ ਨੂੰ ਜਾਣਕਾਰੀ ਮਿਲੀ ਸੀ ਕਿ ਕੁੱਝ ਨਸ਼ਾ ਤਸਤਰ ਨਸ਼ੇ ਦੀ ਖੇਪ ਪਹੁੰਚਾਉਣ ਆ ਰਹੇ ਹਨ ਜਿਸਤੇ ਨਾਰਕੋਟਿੰਸ ਵਿੰਗ ਵਲੋਂ ਨਾਕੇਬੰਦੀ ਕਰਕੇ ਦੋ ਨੌਜਵਾਨਾਂ ਨੂੰ ਰੋਕਿਆ ਗਿਆ ਸੀ। ਉਹਨਾਂ ਕਿਹਾ ਕਿ ਇਸੇ ਦੌਰਾਨ ਇੱਕ ਗੱਡੀ ਤੇ ਆਏ ਉਕਤ ਵਿਅਕਤੀਆਂ ਦੇ ਸਾਥੀਆਂ ਨੇ ਪੁਲੀਸ ਤੇ ਹਮਲਾ ਕਰ ਦਿੱਤਾ ਅਤੇ ਗੋਲੀ ਚਲਾ ਕੇ ਇੱਕ ਮੁਲ-ਾਜਮ ਨੂੰ ਜਖਮੀ ਕਰ ਦਿੱਤਾ। ਇਹਨਾਂ ਵਿਅਕਤੀਆਂ ਕੋਲ ਕਿਰਪਾਨਾਂ ਵੀ ਸੀ ਅਤੇ ਇਹਨਾਂ ਨੇ ਇੱਕ ਹੋਰ ਮੁਲਾਜਮ ਨੂੰ




ਤਲਵਾਰ ਨਾਲ ਸੱਟਾਂ ਮਾਰੀਆਂ ਅਤੇ ਆਪਣੇ ਸਾਥੀਆਂ ਨੂੰ ਛੁੜਾ ਕੇ ਮੌਕੇ ਤੋਂ ਫਰਾਰ ਹੋ ਗਏ।

ਉਹਨਾਂ ਦੱਸਿਆ ਕਿ ਇਸ ਸੰਬੰਧੀ ਪੁਲੀਸ ਦੇ ਵੱਖ ਵੱਖ ਅਧਿਕਾਰੀਆਂ ਦੀ ਅਗਵਾਈ ਵਿੱਚ ਪੁਲੀਸ ਟੀਮਾਂ ਬਣਾ ਕੇ ਇਹਨਾਂ ਅਪਰਾਧੀਆਂ ਦੀ ਭਾਲ ਕੀਤੀ ਜਾ ਰਹੀ ਸੀ ਅਤੇ ਇਸ ਦੌਰਾਨ ਪੁਲੀਸ ਨੇ ਇੱਕ ਮੋਟਰ ਸਾਈਕਲ ਤੇ ਜਾ ਰਹੇ ਉਕਤ ਤਿੰਨ ਨੌਜਵਾਨਾਂ ਨੂੰ ਮੁਕਾਬਲੇ ਤੋਂ ਬਾਅਦ ਕਾਬੂ ਕੀਤਾ ਹੈ। ਉਹਨਾਂ ਦੱਸਿਆ ਕਿ ਇਹਨਾਂ ਤਿੰਨਾਂ ਦੀ ਪਹਿਚਾਣ ਗਗਨ, ਜਸਕਰਨ ਅਤੇ ਲਖਵਿੰਦਰ ਵਜੋਂ ਹੋਈ ਹੈ ਜਿਹਨਾਂ ਵਿੱਚੋਂ ਲਖਵਿੰਦਰ ਅਤੇ ਜਸਕਰਨ ਨੂੰ ਮੁਕਾਬਲੇ ਦੌਰਾਨ ਗੋਲੀ ਲੱਗੀ ਹੈ ਜਦੋਂਕਿ ਗਗਨ ਨੂੰ ਠੀਕ ਹਾਲਤ ਵਿੱਚ ਕਾਬੂ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਮੌਕੇ ਕੁਲ 10 ਤੋਂ 15 ਰਾਉਂਡ ਫਾਇਰਿੰਗ ਹੋਈ ਹੈ ਜਿਸ ਵਿੱਚ ਇਹਨਾਂ ਵਿਅਕਤੀਆਂ ਵਲੋਂ ਪੁਲੀਸ ਤੇ ਕੀਤੀ 5-7 ਰਾਉਂਡ ਦੀ ਫਾਇਰਿੰਗ ਵੀ ਸ਼ਾਮਿਲ ਹੈ। ਪੁਲੀਸ ਨੇ ਇਹਨਾਂ ਵਿਅਕਤੀਆਂ ਤੋਂ 32 ਬੋਰ ਦੇ ਦੋ ਹਥਿਆਰ ਵੀ ਬਰਾਮਦ ਕੀਤੇ ਹਨ।ਉਹਨਾਂ ਦੱਸਿਆ ਕਿ ਇਹਨਾਂ ਦੇ ਦੋ ਸਾਥੀਆਂ ਵਲੋਂ ਅੱਜ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ ਗਿਆ ਹੈ ਅਤੇ ਹੁਣ ਇਹਨਾਂ ਸਮੇਤ ਪੰਜ ਵਿਅਕਤੀ ਕਾਬੂ ਵਿੱਚ ਆ ਗਏ ਹਨ ਜਿਹਨਾਂ ਵਿੱਚੋਂ ਦੋ ਜਖਮੀ ਹਾਲਤ ਵਿੱਚ ਹਨ। ਉਹਨਾਂ ਦੱਸਿਆ ਕਿ ਇਹ ਸਾਰੇ ਨੌਜਵਾਨ ਲੋਕਲ ਹਨ ਅਤੇ ਸੋਹਾਣਾ ਦੇ ਨਾਲ ਲੱਗਦੇ ਪਿੰਡਾਂ ਗੀਗੇਮਾਜਰਾ, ਮੌਲੀ ਆਦਿ ਦੇ ਵਸਨੀਕ ਹਨ। ਉਹਨਾਂ ਕਿਹਾ ਕਿ ਪੁਲੀਸ ਵਲੋਂ ਇਹਨਾਂ ਦੇ ਅਪਰਾਧਿਕ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਸਦੇ ਨਾਲ ਹੀ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਨਸ਼ਾ ਕਿੱਥੋਂ ਲਿਆਉਂਦੇ ਸਨ ਅਤੇ ਅੱਗੇ ਕਿੱਥੇ ਵੇਚਦੇ ਸਨ। ਜਿਕਰਯੋਗ ਹੈ ਕਿ ਬੀਤੇ ਸ਼ਨੀਵਾਰ ਸਨੇਟਾ ਨੇੜੇ ਪੁਲੀਸ ਵਲੋਂ ਗੁਪਤ ਸੂਚਨਾ ਦੇ ਆਧਾਰ ਤੇ ਨਾਕੇਬੰਦੀ ਕੀਤੀ ਗਈ ਸੀ। ਇਸ ਦੌਰਾਨ ਨਸ਼ਾ ਤਸਕਰਾਂ ਨੂੰ ਰੋਕਣ ਦੀ ਕਾਰਵਾਈ ਦੌਰਾਨ ਅਪਰਾਧੀਆਂ ਨੇ ਪੁਲੀਸ ਟੀਮ ਤੇ ਗੋਲੀਆਂ ਚਲਾ ਦਿੱਤੀਆਂ ਸਨ ਜਿਸ ਕਾਰਨ ਇਕ ਪੁਲੀਸ ਮੁਲਾਜ਼ਮ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ, ਜਦਕਿ ਦੂਜੇ ਮੁਲਾਜ਼ਮ ਤੇ ਤਲਵਾਰ ਨਾਲ ਹਮਲਾ ਕੀਤਾ ਗਿਆ ਸੀ। ਜਖਮੀ ਪੁਲੀਸ ਮੁਲਾਜਮਾਂ ਨੂੰ ਸਿਵਲ ਹਸਪਤਾਲ ਫੇਜ਼ 6 ਵਿੱਚ ਦਾਖਿਲ ਕਰਵਾਇਆ ਗਿਆ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਨੌਜਵਾਨਾਂ ਦੇ ਭਵਿੱਖ ਨੂੰ ਲੈ ਕੇ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਸਰਕਾਰਾਂ 'ਤੇ ਚੁੱਕੇ ਸਵਾਲ



**ਪਟਿਆਲਾ :** ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਸਿੰਘ ਗਾਂਧੀ ਨੇ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਲੈ ਕੇ ਚਿੰਤਾ ਜ਼ਾਹਰ ਕਰਦਿਆਂ ਸਰਕਾਰਾਂ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਨੌਜਵਾਨਾਂ ਲਈ ਪੱਕੀਆਂ ਸਰਕਾਰੀ ਨੌਕਰੀਆਂ ਦੇ ਮੌਕੇ ਲਗਾਤਾਰ ਘਟਦੇ ਜਾ ਰਹੇ ਹਨ ਅਤੇ ਕਈ ਸਰਕਾਰੀ ਵਿਭਾਗਾਂ ਵਿੱਚ ਆਊਟਸੋਰਸਿੰਗ ਰਾਹੀਂ ਕੱਚੀਆਂ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਡਾ. ਗਾਂਧੀ ਨੇ ਕਿਹਾ ਕਿ ਪੇਪਰ ਲੀਕ ਦੀਆਂ ਘਟਨਾਵਾਂ ਨੇ ਨੌਜਵਾਨਾਂ ਦੀਆਂ ਉਮੀਦਾਂ ਨੂੰ ਹੋਰ ਝਟਕਾ ਦਿੱਤਾ ਹੈ। ਉਨ੍ਹਾਂ ਅਨੁਸਾਰ, ਮਾਪੇ ਆਪਣੇ ਬੱਚਿਆਂ ਦੀ ਤਿਆਰੀ 'ਤੇ ਲੱਖਾਂ ਰੁਪਏ ਖਰਚ ਕਰਦੇ ਹਨ, ਪਰ ਜਦੋਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋ ਜਾਂਦੇ ਹਨ ਤਾਂ ਨੌਜਵਾਨਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰ ਵੀ ਨਿਰਾਸ਼ ਹੋ ਜਾਂਦੇ ਹਨ। ਸੰਸਦ ਮੈਂਬਰ ਨੇ ਕਿਹਾ ਕਿ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਪੇਪਰ ਲੀਕ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਿੱਖਿਆ ਦੇ ਬਿਹਤਰ ਮੌਕੇ ਨਾ ਮਿਲੇ ਤਾਂ ਇਹ ਦੇਸ਼ ਲਈ ਇੱਕ ਵੱਡਾ ਸੰਕਟ ਬਣ ਸਕਦਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਦੇਸ਼ 'ਚ ਜਲਦੀ ਹੀ ਚੱਲਣਗੇ 10 ਅਤੇ 20 ਰੁਪਏ ਦੇ ਪਲਾਸਟਿਕ ਵਾਲੇ ਨੋਟ

**ਕੇਂਦਰ ਸਰਕਾਰ ਨੇ ਦਿੱਤੀ ਮਨਜ਼ੂਰੀ, ਟ੍ਰਾਇਲ ਲਈ 200 ਕਰੋੜ ਨੋਟ ਛਾਪੇਗਾ ਆਰ.ਬੀ.ਆਈ.**

**ਨਵੀਂ ਦਿੱਲੀ :** ਬਾਜ਼ਾਰ ਵਿੱਚ ਜਲਦ ਹੀ 10 ਅਤੇ 20 ਰੁਪਏ ਦੇ ਪਲਾਸਟਿਕ ਵਾਲੇ ਨੋਟ ਨਜ਼ਰ ਆਉਣਗੇ । ਰਿਜ਼ਰਵ ਬੈਂਕ 100-100 ਕਰੋੜ ਯਾਨੀ ਕੁੱਲ 200 ਕਰੋੜ ਪੌਲੀਮਰ ਯਾਨੀ ਪਲਾਸਟਿਕ ਤੋਂ ਬਣੇ ਨੋਟ ਛਾਪੇਗਾ । ਇਹ ਪਲਾਸਟਿਕ ਕਰੰਸੀ ਦਾ ਟ੍ਰਾਇਲ ਹੈ ਜੇਕਰ ਇਹ ਸਫ਼ਲ ਹੁੰਦਾ ਹੈ ਤਾਂ ਅੱਗੇ ਹੋਰ ਨੋਟ ਵੀ ਛਾਪੇ ਜਾਣਗੇ । ਕੇਂਦਰ ਸਰਕਾਰ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ । ਇਹ ਜਾਣਕਾਰੀ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਸੋਮਵਾਰ ਨੂੰ ਲੋਕ ਸਭਾ ਵਿੱਚ ਦਿੱਤੀ । ਪੌਲੀਮਰ ਬੈਂਕ ਨੋਟ ਦੇ ਟ੍ਰਾਇਲ ਸਫ਼ਲ ਹੋਣ ਤੋਂ ਬਾਅਦ RBI 10 ਅਤੇ 20 ਦੋਵਾਂ ਮੁੱਲਾਂ ਦੇ ਨੋਟਾਂ ਨੂੰ ਨਿਯਮਿਤ ਤੌਰ 'ਤੇ ਜਾਰੀ ਕਰੇਗਾ। ਜਦਕਿ ਕਾਗਜ਼ ਦੀ ਮੌਜੂਦਾ ਕਰੰਸੀ ਵੀ ਚੱਲਦੀ ਰਹੇਗੀ। ਇਸ ਨੂੰ ਬੰਦ ਨਹੀਂ ਕੀਤਾ ਜਾਵੇਗਾ। 10 ਦਿਨ ਪਹਿਲਾਂ ਮੀਡੀਆ ਰਿਪੋਰਟਾਂ ਵਿੱਚ ਦੱਸਿਆ ਗਿਆ ਸੀ ਕਿ RBI ਜਲਦ ਹੀ ਦੇਸ਼ ਵਿੱਚ ਪੌਲੀਮਰ ਤੋਂ ਬਣੇ ਨੋਟਾਂ ਦਾ ਪਹਿਲਾ ਪਾਇਲਟ ਪ੍ਰੋਜੈਕਟ ਸ਼ੁਰੂ ਕਰਨ ਜਾ ਰਿਹਾ ਹੈ। ਇਹ ਦੇਸ਼ ਵਿੱਚ ਨਵੀਂ ਜਨਰੇਸ਼ਨ ਦੀ ਕਰੰਸੀ ਲਿਆਉਣ ਦੇ RBI ਦੇ ਪਲਾਨ ਦਾ ਅਗਲਾ ਕਦਮ ਹੈ।

## ਵਿਦਿਆਰਥੀ ਪ੍ਰਦਰਸ਼ਨ ਦੌਰਾਨ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ 'ਤੇ ਸੁਪਰੀਮ ਕੋਰਟ ਦਾ ਵੱਡਾ ਬਿਆਨ

### 'ਪੁਲਿਸ ਤਸ਼ੱਦਦ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ'



**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਸ਼ਾਂਤੀਪੂਰਨ ਪ੍ਰਦਰਸ਼ਨ ਕਰਨਾ ਇੱਕ ਸੰਵਿਧਾਨਕ ਅਧਿਕਾਰ ਹੈ, ਜਿਸ ਨੂੰ ਖੋਹਿਆ ਨਹੀਂ ਜਾ ਸਕਦਾ । ਸਿਰਫ਼ ਪ੍ਰਦਰਸ਼ਨ ਜਾਂ ਅੰਦੋਲਨ ਹੋਣ ਦੇ ਆਧਾਰ 'ਤੇ ਪੁਲਿਸ ਤਸ਼ੱਦਦ ਜਾਂ ਜ਼ਿਆਦਾ ਸਖ਼ਤੀ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ। 20 ਜੁਲਾਈ ਨੂੰ ਜੰਤਰ-ਮੰਤਰ 'ਤੇ ਪੁਲਿਸ ਲਾਠੀਚਾਰਜ ਨਾਲ ਜੁੜੀਆਂ ਅਰਜ਼ੀਆਂ 'ਤੇ ਸੁਣਵਾਈ ਕਰਦੇ ਹੋਏ ਸੀ.ਜੇ.ਆਈ. ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਨੇ ਕਿਹਾ ਕਿ ਪ੍ਰਦਰਸ਼ਨ ਦੌਰਾਨ ਪੁਲਿਸ ਮੁਲਾਜ਼ਮਾਂ 'ਤੇ ਹਮਲੇ ਹੋਣਾ ਵੀ ਓਨੀ ਹੀ ਚਿੰਤਾ ਦੀ ਗੱਲ ਹੈ ਅਤੇ ਸਰਕਾਰ ਤੋਂ ਇਸ 'ਤੇ ਜਵਾਬ ਮੰਗਿਆ ਜਾ ਸਕਦਾ ਹੈ। ਹੁਣ ਅਦਾਲਤ ਮੰਗਲਵਾਰ ਨੂੰ ਇਹਨਾਂ ਸਾਰੀਆਂ ਅਰਜ਼ੀਆਂ 'ਤੇ ਇਕੱਠਿਆਂ ਸੁਣਵਾਈ ਕਰੇਗੀ। ਇਹਨਾਂ ਅਰਜ਼ੀਆਂ ਵਿੱਚ ਦੋਸ਼ ਹੈ ਕਿ NEET ਪੇਪਰ ਲੀਕ ਅਤੇ ਸਿੱਖਿਆ ਮੰਤਰੀ ਦੇ ਅਸਤੀਫ਼ੇ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਨੇ ਜ਼ਿਆਦਤੀ ਕੀਤੀ। ਇਹ ਅਰਜ਼ੀਆਂ 20 ਜੁਲਾਈ ਨੂੰ ਕਾਕਰੋਚ ਜਨਤਾ ਪਾਰਟੀ ਦੇ ਸੰਸਦ ਮਾਰਚ ਨਾਲ ਜੁੜੀਆਂ ਹੋਈਆਂ ਹਨ।

## ਜੇਕਰ ਵਿਦਿਆਰਥੀਆਂ ਦੀਆਂ ਗ੍ਰਿਫ਼ਤਾਰੀਆਂ ਨਾ ਰੁਕੀਆਂ ਤਾਂ ਨਵਾਂ ਅੰਦੋਲਨ ਛੇੜਾਂਗੇ : ਸੀ.ਜੇ.ਪੀ.



**ਨਵੀਂ ਦਿੱਲੀ :** ਦੇਸ਼ ਵਿਆਪੀ ਅੰਦੋਲਨ ਤੋਂ ਬਾਅਦ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ ਦੇ ਬਾਵਜੂਦ ਅਸਾਮ, ਪੱਛਮੀ ਬੰਗਾਲ ਅਤੇ ਬਿਹਾਰ ਵਰਗੇ ਸੂਬਿਆਂ ਵਿੱਚ ਵਿਦਿਆਰਥੀਆਂ ਅਤੇ ਪ੍ਰਦਰਸ਼ਨਕਾਰੀਆਂ ਦੀ ਹਿਰਾਸਤ ਅਤੇ ਗ੍ਰਿਫ਼ਤਾਰੀ ਦੀਆਂ ਖ਼ਬਰਾਂ 'ਤੇ 'ਕਾਕਰੋਚ ਜਨਤਾ ਪਾਰਟੀ' (ਸੀ.ਜੇ.ਪੀ.) ਨੇ ਡੂੰਘੀ ਚਿੰਤਾ ਪ੍ਰਗਟਾਈ ਹੈ। ਪਾਰਟੀ ਨੇ ਕੇਂਦਰ ਸਰਕਾਰ ਨੂੰ ਆਪਣੇ ਦਿੱਤੇ ਭਰੋਸੇ ਨੂੰ ਪੂਰਾ ਕਰਨ ਦੀ ਮੰਗ ਕੀਤੀ ਹੈ। ਪਾਰਟੀ ਨੇ ਕਿਹਾ ਕਿ ਜੇਕਰ ਗ੍ਰਿਫ਼ਤਾਰੀਆਂ ਨਾ ਰੁਕੀਆਂ ਤਾਂ ਨਵੇਂ ਸਿਰੇ ਤੋਂ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਸੀ.ਜੇ.ਪੀ. ਦੀ ਕਾਨੂੰਨੀ ਟੀਮ ਹਿਰਾਸਤ ਵਿੱਚ ਲਏ ਗਏ ਪ੍ਰਦਰਸ਼ਨਕਾਰੀਆਂ ਨੂੰ ਰਿਹਾਅ ਕਰਵਾਉਣ ਲਈ ਸਬੰਧਤ ਸੂਬਿਆਂ ਦੇ ਵਕੀਲਾਂ ਨਾਲ ਤਾਲਮੇਲ ਕਰ ਰਹੀ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਦਰਜ ਕੀਤੀਆਂ ਐਫ.ਆਈ.ਆਰ. ਰੱਦ ਕੀਤੀਆਂ ਜਾਣ। ਪਾਰਟੀ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ, ਤਾਂ ਉਹ 'ਅਗਲੇ ਜ਼ਰੂਰੀ ਕਦਮ ਚੁੱਕਣ ਲਈ ਮਜਬੂਰ' ਹੋਣਗੇ। ਸੀ.ਜੇ.ਪੀ. ਦੇ ਤਰਜਮਾਨ ਸੌਰਵ ਦਾਸ ਵਲੋਂ ਸਾਂਝੇ ਕੀਤੇ ਗਏ ਬਿਆਨ ਵਿੱਚ ਕਿਹਾ ਗਿਆ ਹੈ, ''ਕਾਕਰੋਚ ਜਨਤਾ ਪਾਰਟੀ ਨੇ ਆਪਣਾ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਸਿਰਫ਼ ਇਸ ਭਰੋਸੇ 'ਤੇ ਵਾਪਸ ਲਿਆ ਸੀ ਕਿ ਭਾਰਤ ਸਰਕਾਰ ਵੱਲੋਂ ਭਾਜਪਾ ਜਾਂ ਐਨ.ਡੀ.ਏ. ਸ਼ਾਸਿਤ ਸੂਬਿਆਂ ਵਿੱਚ ਕਿਸੇ ਵੀ ਅੰਦੋਲਨਕਾਰੀ ਵਿਰੁੱਧ ਕੋਈ ਦੰਡਕਾਰੀ ਕਾਰਵਾਈ ਨਹੀਂ ਕੀਤੀ ਜਾਵੇਗੀ। ਹੁਣ ਵੱਖ-ਵੱਖ ਸੂਬਿਆਂ ਤੋਂ ਆ ਰਹੀਆਂ ਰਿਪੋਰਟਾਂ ਬਹੁਤ ਚਿੰਤਾਜਨਕ ਹਨ।'' ਪਾਰਟੀ ਨੇ ਕੇਂਦਰੀ ਮੰਤਰੀਆਂ ਜੇ.ਪੀ. ਨੱਢਾ ਅਤੇ ਜਿਤੇਂਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਗੱਲਬਾਤ ਦੌਰਾਨ ਦਿੱਤੇ ਭਰੋਸੇ ਨੂੰ ਨਿਭਾਉਣ। ਸੀ.ਜੇ.ਪੀ. ਨੇ ਕਿਹਾ, ''ਸਾਡਾ ਅੰਦੋਲਨ ਮੁਲਤਵੀ ਕਰਨ ਦਾ ਫ਼ੈਸਲਾ ਸੁਹਿਰਦਤਾ ਨਾਲ ਲਿਆ ਗਿਆ ਸੀ।



# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਨੇ ਜੋਨ ਪੱਧਰੀ ਖੇਡ ਮੁਕਾਬਲਿਆਂ ਵਿੱਚੋਂ ਰੱਸਾਕਸ਼ੀ ਅਤੇ ਕੁਸ਼ਤੀ ਵਿੱਚੋਂ ਹਾਸਿਲ ਕੀਤੇ ਪੰਜ ਗੋਲਡ ਮੈਡਲ

**(ਸਮਾਜ ਵੀਕਲੀ) ਸੰਦੀਪ ਸਿੰਘ ਬਖੋਪੀਰ:**-ਸਕੂਲ ਦੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਸੱਤਿਆ ਭਾਰਤੀ ਅਦਾਰਸ ਸਕੂਲ ਝਨੇੜੀ ਵਿਖੇ ਹੋ ਰਹੇ ਜੋਨ ਪੱਧਰੀ ਖੇਡ ਮੁਕਾਬਲਿਆਂ ਵਿੱਚ ਦੀਵਾਨ ਟੋਡਰ ਮੱਲ ਸਕੂਲ ਦੇ ਖਿਡਾਰੀਆਂ ਨੇ 24 ਅਤੇ 25 ਤਰੀਕ ਰੱਸਾਕਸ਼ੀ ਅਤੇ ਕੁਸ਼ਤੀ ਮੁਕਾਬਲਿਆਂ ਵਿੱਚ ਭਾਗ ਲਿਆ, ਕ੍ਰਮ ਅਨੁਸਾਰ 19 ਸਾਲਾ ਲੜਕੀਆਂ ਨੇ 24-7-2026 ਨੂੰ ਖੇਡਦੇ ਹੋਏ ਰੱਸਾਕਸ਼ੀ ਮੁਕਾਬਲੇ ਵਿੱਚੋਂ ਗੋਲਡ ਮੈਡਲ ਹਾਸਲ ਕੀਤਾ, ਅਗਲੇ ਦਿਨ 25 ਤਰੀਕ ਨੂੰ ਖੇਡਦੇ ਹੋਏ 17 ਸਾਲਾਂ ਲੜਕਿਆਂ ਦੀ ਟੀਮ ਨੇ ਵੀ ਰੱਸਾਕਸ਼ੀ ਮੁਕਾਬਲੇ ਵਿੱਚੋਂ ਗੋਲਡ ਮੈਡਲ ਹਾਸਲ ਕੀਤਾ,ਇਸੇ ਦਿਨ ਹੀ ਹੋਏ ਕੁਸ਼ਤੀ ਮੁਕਾਬਲਿਆਂ ਵਿੱਚੋਂ ਸਕੂਲ ਦੇ ਖਿਡਾਰੀ ਗੁਰਰਹਿਮਤ ਸਿੰਘ ਵਜਨ (57) ਕਿਲੋ, ਅਸ਼ਮੀਤ ਸਿੰਘ (97) ਕਿਲੋ ,ਤੇ ਮਨਰੀਤ ਸਿੰਘ ਨੇ (92) ਕਿਲੋ ਵਜ਼ਨ ਵਿੱਚ ਖੇਡਦੇ ਹੋਏ ਜੋਨ ਪੱਧਰ ਤੇ ਗੋਲਡ ਮੈਡਲ ਹਾਸਲ ਕੀਤੇ, ਸਕੂਲ





ਪਹੁੰਚਣ ਤੇ ਡੀ.ਪੀ ਅਧਿਆਪਕ ਅਵਤਾਰ ਸਿੰਘ ਤਾਰੀ ਅਤੇ ਮੈਡਮ ਮਨਪ੍ਰੀਤ ਕੌਰ ਜੀ ਦਾ ਬੱਚਿਆਂ ਸਮੇਤ ਨਿੱਘਾ ਸਵਾਗਤ ਕੀਤਾ ਗਿਆ ਸਕੂਲ ਦੇ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ, ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਅਤੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਵੱਲੋਂ ਇਸ ਮੁਹਿੰਮ ਦੇ ਜੇਤੂ ਖਿਡਾਰੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ ਅਤੇ ਇਸ ਜੇਤੂ ਮੁਹਿੰਮ ਨੂੰ ਭਵਿੱਖ ਵਿੱਚ ਇਸੇ ਤਰ੍ਹਾਂ ਜਾਰੀ ਰੱਖਣ ਲਈ ਅਸ਼ੀਰਵਾਦ ਦਿੱਤਾ। ਮੌਕੇ ਉੱਤੇ ਪਕੋਆਡੀਨੇਟਰ ਮੈਡਮ ਬਲਜੀਤ ਕੌਰ ਪੰਜਾਬੀ ਅਧਿਆਪਕ ਸੰਦੀਪ ਸਿੰਘ, ਸਨਮੀਤ ਸਿੰਘ, ਪ੍ਰਭਜੋਤ ਸਿੰਘ ਅਤੇ ਹਰਿੰਦਰ ਸਿੰਘ ਮੌਜੂਦ ਸਨ।

# ਹਲਕਾ ਦੱਖਣੀ ਵਿੱਚ ਵਿਦਿਆਰਥੀਆਂ ਵਿੱਚ ਮਠਿਆਈਆਂ ਵੰਡ ਕੇ ਦਿੱਲੀ ਜਿੱਤ ਦੀ ਖ਼ੁਸ਼ੀਆਂ ਬਾਵਾ ਨੇ ਸਾਂਝੀਆਂ ਕੀਤੀਆਂ

**ਲੁਧਿਆਣਾ 27 ਜੁਲਾਈ (ਕਰਨੈਲ ਸਿੰਘ ਐੱਮ. ਏ.)** ਅੱਜ ਹਲਕਾ ਦੱਖਣੀ ਵਿੱਚ ਸੀ.ਜੇ.ਪੀ ਦੇ ਸੰਘਰਸ਼ ਦੀ ਜਿੱਤ ਅਤੇ ਧਰਮਿੰਦਰ ਪ੍ਰਧਾਨ ਸਿੱਖਿਆ ਮੰਤਰੀ ਦੇ ਅਸਤੀਫ਼ਾ ਦੇਣ 'ਤੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਨੇ ਵਿਦਿਆਰਥੀਆਂ ਅਤੇ ਕਾਂਗਰਸੀ ਨੇਤਾਵਾਂ ਹਰਪਾਲ ਸਿੰਘ ਸੈਣੀ, ਅਮਿਤ ਕੁਮਾਰ, ਬੀਬੀ ਮਨਜੀਤ ਕੌਰ ਸਰੋਏ, ਰਿਟਾ. ਕਰਨਲ ਪਰਮਜੀਤ ਸਿੰਘ, ਮਨਜੀਤ ਸਿੰਘ ਸੋਢੀ, ਪਰਮਾਤਮਾ ਤਿਵਾੜੀ, ਅਮਰਜੀਤ ਸਿੰਘ, ਡਾ: ਰਾਜੀਵ ਕੁਮਾਰ, ਹਰਜੀਤ ਸਿੰਘ ਸੈਣੀ ਨੇ ਲੱਡੂ ਵੰਡ ਕੇ ਅਤੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਖ਼ੁਸ਼ੀਆਂ ਸਾਂਝੀਆਂ ਕੀਤੀਆਂ। ਉਪਰੋਕਤ ਪ੍ਰਬੰਧ ਹਰਪਾਲ ਸਿੰਘ ਸੈਣੀ ਦੇ ਦਫ਼ਤਰ ਵਿਖੇ ਅਮਿਤ ਕੁਮਾਰ ਦੇ ਸਹਿਯੋਗ ਨਾਲ ਕੀਤੇ ਗਏ। ਇਸ ਸਮੇਂ ਬੋਲਦੇ ਸ਼੍ਰੀ ਬਾਵਾ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਬੇਨਿਯਮੀਆਂ ਕਰਕੇ ਭਾਰਤ ਦਾ ਭਵਿੱਖ ਨੌਜਵਾਨ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰ ਰਹੀ ਹੈ। ਉਹਨਾਂ ਕਿਹਾ ਕਿ



ਭਾਰਤ ਦੇ ਨੌਜਵਾਨ ਵਿਦਿਆਰਥੀਆਂ ਦਾ ਹੌਸਲਾ ਦਲੇਰੀ ਸਟੈਂਡ ਅਤੇ ਭਵਿੱਖ ਪ੍ਰਤੀ ਸੰਜ਼ੀਦਗੀ ਨਾਲ ਚਿੰਤਾ ਨੇ ਜੰਤਰ ਮੰਤਰ 'ਤੇ ਦਿੱਲੀ ਵਿੱਚ ਜੋ ਸੰਘਰਸ਼ ਦਾ ਝੰਡਾ ਗੱਡਿਆ, ਉਸਨੇ ਕੁਝ ਦਿਨਾਂ ਅੰਦਰ ਹੀ ਹੰਕਾਰੀ ਸਰਕਾਰ ਦੀ ਆਕੜ ਭੰਨ ਦਿੱਤੀ ਅਤੇ ਉਨ੍ਹਾਂ ਨੂੰ ਬੈਕਫੁੱਟ 'ਤੇ ਜਾਣ ਲਈ ਮਜ਼ਬੂਰ ਕਰ ਦਿੱਤਾ। ਉਹਨਾਂ ਇਸ ਸਮੇਂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦੇ ਜ਼ਿੰਮੇਵਾਰਾਨਾ ਰੋਲ ਦੀ ਸ਼ਲਾਘਾ ਕੀਤੀ। ਇਸ ਸਮੇਂ ਫਰੀਦਕੋਟ ਫਾਰਮੇਸੀ ਨਕਲ ਕਾਂਡ ਨਾਲ ਸੰਬੰਧਿਤ ਅਤੇ ਬਠਿੰਡਾ ਵਿੱਚ ਗਰੁੱਪ ਬੀ ਪੇਪਰ ਲੀਕ ਹੋਣ ਨਾਲ ਸੰਬੰਧਿਤ ਮੰਤਰੀਆਂ ਤੋਂ ਅਸਤੀਫੇ ਦੀ ਮੰਗ ਕੀਤੀ ਗਈ। ਇਸ ਸਮੇਂ ਹਰਪਾਲ ਸਿੰਘ ਸੈਣੀ ਦੇ ਦਫ਼ਤਰ ਵਿੱਚ ਲੱਗੀ ਭਾਰਤ ਦੇ ਮਰਹੂਮ ਰਾਸ਼ਟਰਪਤੀ ਡਾ: ਅਬਦੁਲ ਕਲਾਮ ਦੀ ਫੋਟੋ ਦੇਖ ਕੇ ਬਾਵਾ ਨੇ ਕਿਹਾ ਕਿ ਜਦੋਂ ਸਵ. ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਡਾ: ਅਬਦੁਲ ਕਲਾਮ ਨੂੰ ਫੋਨ ਕੀਤਾ ਤਾਂ ਉਹ ਬੱਚਿਆਂ ਨੂੰ ਪੜਾ ਰਹੇ ਸਨ ਤਾਂ ਅਬਦੁਲ ਕਲਾਮ ਨੇ ਕਿਹਾ ਸੀ ਕਿ ਉਹ ਆਪਣਾ ਕਲਾਸ ਦਾ ਸਮਾਂ ਪੂਰਾ ਹੋਣ ਤੇ ਪ੍ਰਧਾਨ ਮੰਤਰੀ ਜੀ ਨਾਲ ਗੱਲ ਕਰਨਗੇ ਤਾਂ ਵਾਜਪਾਈ ਜੀ ਨੇ ਕਿਹਾ ਸੀ ਠੀਕ ਹੈ। ਬਾਅਦ ਵਿੱਚ ਗੱਲ ਕਰਨ। ਇਹ ਹੈ ਸਿੱਖਿਆ ਦਾ ਸਤਿਕਾਰ ਅਤੇ ਬੱਚਿਆਂ ਦੀ ਭਵਿੱਖ ਪ੍ਰਤੀ ਜਾਗਰੂਕ ਹੋਣਾ ਜੋ ਦੋਨੋਂ ਸ਼ਖ਼ਸ਼ੀਅਤਾਂ ਦੀ ਦੂਰ ਅੰਦੇਸ਼ ਸੋਚ ਸੀ। ਇਸ ਸਮੇਂ ਜਸਵੰਤ ਸਿੰਘ ਮਠਾੜੂ, ਵਿਕਾਸ ਰਾਏ, ਕਨਵ ਰਾਏ, ਰਾਜ ਤਿਵਾੜੀ, ਮਮਤਾ ਰਾਣੀ ਆਦਿ ਹਾਜ਼ਰ ਸਨ। ਅਖੀਰ ਵਿੱਚ ਸਭ ਦਾ ਧੰਨਵਾਦ ਹਰਪਾਲ ਸਿੰਘ ਸੈਣੀ ਅਤੇ ਅਮਿਤ ਕੁਮਾਰ ਨੇ ਕੀਤਾ।

# ਡਾ: ਏ.ਪੀ.ਜੇ.ਅਬਦੁਲ ਕਲਾਮ ਦੀ ਬਰਸੀ ਬੀ.ਵੀ.ਐਮ., ਯੂ.ਐਸ.ਐਨ. ਵਿਖੇ ਸ਼ਰਧਾ ਨਾਲ ਮਨਾਈ ਗਈ



**ਲੁਧਿਆਣਾ 27 ਜੁਲਾਈ (ਕਰਨੈਲ ਸਿੰਘ ਐੱਮ. ਏ.)** ਭਾਰਤ ਦੇ ਦੂਰਦਰਸ਼ੀ ਵਿਗਿਆਨੀ ਅਤੇ ਸਾਬਕਾ ਰਾਸ਼ਟਰਪਤੀ ਡਾ: ਏ.ਪੀ.ਜੇ. ਅਬਦੁਲ ਕਲਾਮ ਦੀ ਬਰਸੀ ਭਾਰਤੀ ਵਿਦਿਆ ਮੰਦਰ, ਊਧਮ ਸਿੰਘ ਨਗਰ ਵਿਖੇ ਸ਼ਰਧਾ ਨਾਲ ਮਨਾਈ ਗਈ। ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦੌਰਾਨ "ਭਾਰਤ ਦੇ ਮਿਜ਼ਾਈਲ ਮੈਨ" ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਨਾਅਰਾ-ਲਿਖਣ ਗਤੀਵਿਧੀ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਪੇਸ਼ ਕੀਤਾ। ਇਸ ਤੋਂ ਬਾਅਦ, ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਆਸਥਾ ਨੇ ਇੱਕ ਪ੍ਰੇਰਨਾਦਾਇਕ ਭਾਸ਼ਣ ਦਿੱਤਾ, ਜਿਸ ਵਿੱਚ ਕਲਾਮ ਦੇ ਜੀਵਨ, ਵਿਗਿਆਨ ਅਤੇ ਸਿੱਖਿਆ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਸੰਦੇਸ਼ "ਸੁਪਨਾ" ਨੂੰ ਉਜਾਗਰ ਕੀਤਾ ਗਿਆ।

ਇਸ ਤੋਂ ਇਲਾਵਾ, ਸਕੂਲ ਦੇ ਵਿਗਿਆਨ ਅਧਿਆਪਕਾਂ, ਸ਼੍ਰੀ ਨਰਿੰਦਰ ਸਿੰਘ ਰਾਵਤ ਅਤੇ ਸ਼੍ਰੀ ਰਾਕੇਸ਼ ਦੀ ਅਗਵਾਈ ਹੇਠ ਇੱਕ ਰਾਕੇਟ ਮਾਡਲ-ਨਿਰਮਾਣ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਭਾਰਤ ਦੇ ਪੁਲਾੜ ਅਤੇ ਰੱਖਿਆ ਪ੍ਰੋਗਰਾਮਾਂ ਵਿੱਚ ਡਾ: ਕਲਾਮ ਦੇ ਯੋਗਦਾਨ ਤੋਂ ਪ੍ਰੇਰਿਤ ਮਾਡਲ ਬਣਾ ਕੇ ਆਪਣੀ ਨਵੀਨਤਾਕਾਰੀ ਸੋਚ ਅਤੇ ਵਿਗਿਆਨਕ ਦ੍ਰਿਸ਼ਟੀਕੋਣਾਂ ਦਾ ਪ੍ਰਦਰਸ਼ਨ ਕੀਤਾ।

ਆਪਣੇ ਗਿਆਨਵਰਧਕ ਸੰਦੇਸ਼ ਵਿੱਚ, ਸਕੂਲ ਦੇ ਪ੍ਰਿੰਸੀਪਲ ਸ਼੍ਰੀ ਪਵਨ ਸੂਦ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਅਬਦੁਲ ਕਲਾਮ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਅਨੁਸ਼ਾਸਨ, ਸਖ਼ਤ ਮਿਹਨਤ, ਦੇਸ਼ ਭਗਤੀ ਅਤੇ ਨਵੀਨਤਾ ਦੀ ਭਾਵਨਾ ਵਰਗੇ ਮੁੱਲਾਂ ਨੂੰ ਅਪਣਾ ਕੇ ਇੱਕ ਆਦਰਸ਼ ਨਾਗਰਿਕ ਬਣ ਕੇ ਰਾਸ਼ਟਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ।

# ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਮਾਡਲ ਟਾਊਨ ਦੇ ਵਿਦਿਆਰਥੀਆਂ ਨੇ ਵਿਸ਼ਵ ਆਬਾਦੀ ਦਿਵਸ ਮਨਾਇਆ

**ਲੁਧਿਆਣਾ 27 ਜੁਲਾਈ (ਕਰਨੈਲ ਸਿੰਘ ਐੱਮ. ਏ.)** ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਮਾਡਲ ਟਾਊਨ ਨੇ ਵਧਦੀ ਆਬਾਦੀ ਅਤੇ ਕੁਦਰਤੀ ਸਰੋਤਾਂ 'ਤੇ ਇਸ ਦੇ ਦਬਾਅ ਕਾਰਨ ਪੈਦਾ ਹੋਈਆਂ ਚੁਣੌਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ਵ ਆਬਾਦੀ ਦਿਵਸ ਮਨਾਇਆ। ਤੀਜੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਆਪਣੀ ਰਚਨਾਤਮਕਤਾ ਨੂੰ ਪ੍ਰਗਟ ਕਰਨ, ਸੰਚਾਰ ਹੁਨਰ, ਸਮਾਜਿਕ ਅਤੇ ਭਾਵਨਾਤਮਕ ਹੁਨਰ ਨੂੰ ਵਧਾਉਣ ਲਈ ਸਲੋਗਨ ਲਿਖਣਾ, ਪੋਸਟਰ ਮੇਕਿੰਗ, ਰੋਲ ਪਲੇ ਵਰਗੀਆਂ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਕੁਦਰਤੀ ਸਰੋਤਾਂ ਦੀ ਸੁਰੱਖਿਆ ਲਈ ਡੂੰਘੀ ਵਚਨਬੱਧਤਾ ਦਾ ਪ੍ਰਦਰਸ਼ਨ



ਕੀਤਾ। ਡਾਇਰੈਕਟਰ ਸ਼੍ਰੀਮਤੀ ਗੁਰਮੰਤ ਕੌਰ ਗਿੱਲ, ਕਾਰਜਕਾਰੀ ਪ੍ਰਿੰਸੀਪਲ ਸ਼੍ਰੀਮਤੀ ਗੁਰਜੀਤ ਕੌਰ ਦੇ ਨਾਲ, ਵਿਦਿਆਰਥੀਆਂ ਦੁਆਰਾ ਦਿਖਾਈ ਗਈ ਰਚਨਾਤਮਕਤਾ, ਟੀਮ ਵਰਕ ਦੇ ਯਤਨਾਂ ਦੀ ਬਹੁਤ ਸ਼ਲਾਘਾ ਕੀਤੀ। ਉਨ੍ਹਾਂ ਨੇ ਅੱਗੇ ਜ਼ੋਰ ਦਿੱਤਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਸਰੋਤਾਂ ਦੀ ਰੱਖਿਆ ਲਈ ਆਬਾਦੀ ਵਾਧੇ ਦਾ ਪ੍ਰਬੰਧਨ ਕਰਨਾ ਜ਼ਰੂਰੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਾਠਗੜ੍ਹ ਮੋੜ ਤੋਂ ਬੱਲੋਵਾਲ ਸੌਂਖੜੀ ਤੱਕ 8 ਕਰੋੜ 90 ਲੱਖ ਦੀ ਲਾਗਤ ਨਾਲ ਬਣਨ ਵਾਲੀ 12 ਕਿਲੋਮੀਟਰ ਸੜਕ ਤੇ ਪੁਲਾਂ ਦੇ ਨਿਰਮਾਣ ਕਾਰਜ ਹੋਏ ਸ਼ੁਰੂ

**ਬਲਾਚੌਰ, 27 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਕਾਠਗੜ੍ਹ ਮੋੜ ਤੋਂ ਲੈ ਕੇ ਬੱਲੋਂਵਾਲ ਸੌਂਖੜੀ ਕਾਲਜ ਤੇ ਯੂਨੀਵਰਸਿਟੀ ਤੱਕ ਜਾਣ ਵਾਲੀ 18 ਫੁੱਟ ਚੌੜੀ ਅਤੇ 12 ਕਿਲੋਮੀਟਰ ਲੰਬੀ ਅਹਿਮ ਸੜਕ ਦੀ ਰਿਪੇਅਰ ਅਤੇ ਨਿਰਮਾਣ ਦੇ ਕਾਰਜ ਅੱਜ ਤੋਂ ਅਧਿਕਾਰਤ ਤੌਰ 'ਤੇ ਆਰੰਭ ਹੋ ਗਏ ਹਨ। ਲਗਭਗ 8 ਕਰੋੜ 90 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਇਸ ਵੱਡੇ ਪ੍ਰੋਜੈਕਟ ਦੀ ਸ਼ੁਰੂਆਤ ਯੂਥ 'ਆਪ' ਆਗੂ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕਰਨਵੀਰ ਕਟਾਰੀਆ, ਸੁਰੇਸ਼ ਕੁਮਾਰ (ਪੈਨੀ ਪਹਿਲਵਾਨ) ਬਲਾਕ ਸੰਮਤੀ ਮੈਂਬਰ ਆਪ ਆਗੂ ਜਸਵੀਰ ਸਿੰਘ ਘੁੰਮਣ ਸਰਪੰਚ ਵੱਲੋਂ ਸਾਂਝੇ ਤੌਰ ਪਿੰਡ ਚਾਹਲਾਂ ਨੇੜਿਓਂ ਸੜਕ ਉੱਤੇ ਬਜਰੀ ਪਾ ਕੇ ਕਰਵਾਈ ਗਈ। ਇਸ ਵਿਸ਼ੇਸ਼ ਪ੍ਰੋਜੈਕਟ ਤਹਿਤ ਸੜਕ ਦੀ ਮੁਕੰਮਲ ਰਿਪੇਅਰ ਤੋਂ ਇਲਾਵਾ ਦੋ ਮਹੱਤਵਪੂਰਨ ਪੁਲ ਵੀ ਤਿਆਰ ਕੀਤੇ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪੁਲ ਪਿੰਡ ਚਾਹਲਾਂ ਕੋਲ ਅਤੇ ਦੂਜਾ ਕਾਠਗੜ੍ਹ ਦੀ ਮੇਨ ਖੱਡ 'ਤੇ ਬਣਾਇਆ ਜਾਵੇਗਾ। ਬਰਸਾਤ ਦੇ ਦਿਨਾਂ ਵਿੱਚ ਖੱਡਾਂ ਵਿੱਚ ਪਾਣੀ ਆ ਜਾਣ ਕਾਰਨ ਅਕਸਰ ਵਾਹਨ ਖੜ੍ਹੇ ਰਹਿ ਜਾਂਦੇ ਸਨ ਅਤੇ ਲੋਕਾਂ ਨੂੰ ਗੱਡੀਆਂ ਲੰਘਾਉਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪੈਂਦਾ ਸੀ। ਇਨ੍ਹਾਂ





ਦੋਵਾਂ ਪੁਲਾਂ ਦੇ ਬਣਨ ਨਾਲ ਇਲਾਕੇ ਦੀ ਇਹ ਚਿਰੋਕਣੀ ਸਮੱਸਿਆ ਹੱਲ ਹੋ ਜਾਵੇਗੀ ਅਤੇ ਬਰਸਾਤਾਂ ਵਿੱਚ ਵੀ ਆਵਾਜਾਈ ਪੂਰੀ ਤਰ੍ਹਾਂ ਨਿਰਵਿਘਨ ਜਾਰੀ ਰਹੇਗੀ।

ਇਸ ਸੜਕ ਅਤੇ ਪੁਲਾਂ ਦੇ ਨਿਰਮਾਣ ਨਾਲ ਨੂਰਪੁਰ ਬੇਦੀ, ਸਿੰਘਪੁਰ ਅਤੇ ਬਲਾਚੌਰ ਦੇ ਆਸ-ਪਾਸ ਦੇ ਘੱਟੋ-ਘੱਟ 60 ਤੋਂ 70 ਪਿੰਡਾਂ ਦੇ ਲੋਕਾਂ ਨੂੰ ਸਿੱਧਾ ਅਤੇ ਵੱਡਾ ਲਾਭ ਮਿਲੇਗਾ। ਇਸ ਮਾਰਗ ਤੋਂ ਰੋਜ਼ਾਨਾ ਆਪਣੇ ਕੰਮ-ਧੰਦੇ ਲਈ ਜਾਣ ਵਾਲੇ ਸਕੂਲੀ ਵਿਦਿਆਰਥੀਆਂ, ਸਰਕਾਰੀ ਨੌਕਰੀ ਕਰਨ ਵਾਲੇ ਮੁਲਾਜ਼ਮਾਂ, ਅਤੇ ਚੰਡੀਗੜ੍ਹ ਜਾਂ ਹੋਰ ਥਾਵਾਂ ਲਈ ਦੁੱਧ ਅਤੇ ਹੋਰ ਸਮੱਗਰੀ ਲੈ ਕੇ ਜਾਣ ਵਾਲੇ ਵਾਹਨ ਚਾਲਕਾਂ ਨੂੰ ਵੱਡੀ ਰਾਹਤ ਮਹਿਸੂਸ ਹੋਵੇਗੀ।

ਇਸ ਮੌਕੇ ਇਲਾਕਾ ਨਿਵਾਸੀਆਂ ਅਤੇ ਮੋਹਤਬਰ ਵਿਅਕਤੀਆਂ ਨੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਅਤੇ ਭਗਵੰਤ ਮਾਨ ਸਰਕਾਰ ਦਾ ਇਸ ਅਹਿਮ ਭਲਾਈ ਕਾਰਜ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਇਸ ਸੜਕ ਦੇ ਬਣਨ ਨਾਲ ਇਲਾਕੇ ਵਿੱਚ ਆਵਾਜਾਈ ਸੁਖਾਵੀਂ ਹੋਵੇਗੀ ਅਤੇ ਆਰਥਿਕ ਗਤੀਵਿਧੀਆਂ ਨੂੰ ਵੀ ਨਵਾਂ ਹੁਲਾਰਾ ਮਿਲੇਗਾ।

# 220 ਕਰੋੜ ਰੁਪਏ ਦੇ ਬਜਟ ਦਾ ਭਰਮ ਫੈਲਾ ਕੇ ਸੰਗਤ ਨੂੰ ਡਰਾਇਆ ਜਾ ਰਿਹਾ ਹੈ: ਜਥੇਦਾਰ ਦਾਦੂਵਾਲ

## ਹਰਿਆਣਾ ਕਮੇਟੀ ਤੁਰੰਤ ਸੰਸਥਾਨ ਦੀ ਸੇਵਾ-ਸੰਭਾਲ ਸੰਭਾਲੇ, ਕਰਮਚਾਰੀਆਂ ਦੀ ਬਕਾਇਆ ਤਨਖਾਹ ਜਾਰੀ ਕਰਵਾ ਕੇ ਆਡਿਟ ਕਰਵਾਏ: ਦਾਦੂਵਾਲ

**ਲੁਧਿਆਣਾ/ ਸ਼ਾਹਾਬਾਦ ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਐਚ.ਐਸ.ਜੀ.ਐਮ.ਸੀ.) ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਦੋਸ਼ ਲਗਾਇਆ ਕਿ ਬਾਦਲ ਪਰਿਵਾਰ, ਐਸ.ਜੀ.ਪੀ.ਸੀ.ਅਤੇ ਮੀਰੀ-ਪੀਰੀ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਦੇ ਮੌਜੂਦਾ ਟ੍ਰਸਟ ਨਾਲ ਜੁੜੇ ਕੁਝ ਲੋਕ ਇਹ ਭਰਮ ਫੈਲਾ ਰਹੇ ਹਨ ਕਿ ਮੈਡੀਕਲ ਕਾਲਜ ਨੂੰ ਚਲਾਉਣ ਲਈ 220 ਕਰੋੜ ਰੁਪਏ ਦੇ ਬਜਟ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਸੰਗਤ ਅਤੇ ਹਰਿਆਣਾ ਕਮੇਟੀ ਦੇ ਮੈਂਬਰਾਂ ਨੂੰ ਡਰਾਉਣਾ ਹੈ, ਪਰ ਹੁਣ ਸੰਗਤ ਅਜਿਹੀਆਂ ਸਾਜ਼ਿਸ਼ਾਂ ਨੂੰ ਸਮਝ ਚੁੱਕੀ ਹੈ।

ਜਥੇਦਾਰ ਦਾਦੂਵਾਲ ਨੇ ਕਿਹਾ ਕਿ ਇੱਕ ਸਮਾਂ ਸੀ ਜਦੋਂ ਕਿਹਾ ਜਾਂਦਾ ਸੀ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਸੰਚਾਲਨ ਪੰਜਾਬ ਤੋਂ ਆਉਣ ਵਾਲੇ ਪੈਸਿਆਂ ਨਾਲ ਹੁੰਦਾ ਹੈ, ਪਰ



ਹਰਿਆਣਾ ਗੁਰਦੁਆਰਾ ਕਮੇਟੀ ਦੇ ਗਠਨ ਤੋਂ ਬਾਅਦ ਇਹ ਸਾਬਤ ਹੋ ਗਿਆ ਕਿ ਹਰਿਆਣਾ ਦੇ ਗੁਰਦੁਆਰੇ ਆਪਣੇ ਸਰੋਤਾਂ ਨਾਲ ਹੀ ਸਫ਼ਲਤਾਪੂਰਵਕ ਚੱਲ ਸਕਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਮੀਰੀ-ਪੀਰੀ ਸੰਸਥਾਨ ਘਾਟੇ ਵਿੱਚ ਨਹੀਂ ਹੈ। ਕੁਝ ਲੋਕ ਇਹ ਪ੍ਰਭਾਵ ਬਣਾਉਣਾ ਚਾਹੁੰਦੇ ਹਨ ਕਿ ਹਰਿਆਣਾ ਕਮੇਟੀ ਇਸ ਸੰਸਥਾਨ ਨੂੰ ਨਹੀਂ ਚਲਾ ਸਕੇਗੀ। ਉਨ੍ਹਾਂ ਕਿਹਾ ਕਿ ਕਰਮਚਾਰੀਆਂ ਨੇ ਵੀ ਉਨ੍ਹਾਂ ਨੂੰ ਸੰਸਥਾਨ ਦੇ ਮੌਜੂਦਾ ਪ੍ਰਬੰਧਨ ਸੰਬੰਧੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਾਰਨ ਹਰਿਆਣਾ ਕਮੇਟੀ ਸੰਚਾਲਨ ਕਰਨ ਵਿੱਚ ਅਸਮਰੱਥ ਰਹਿੰਦੀ ਹੈ ਤਾਂ ਉਨ੍ਹਾਂ ਦਾ ਟ੍ਰਸਟ ਖੁਦ ਸੰਸਥਾਨ ਦਾ ਪ੍ਰਬੰਧ ਸੰਭਾਲੇਗਾ ਅਤੇ ਮੈਡੀਕਲ ਕਾਲਜ ਦਾ ਨਿਰਮਾਣ ਵੀ ਜਲਦ ਕਰਵਾਇਆ ਜਾਵੇਗਾ।

ਜਥੇਦਾਰ ਦਾਦੂਵਾਲ ਨੇ ਹਰਿਆਣਾ ਗੁਰਦੁਆਰਾ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਸੰਸਥਾਨ ਦੀ ਸੇਵਾ-ਸੰਭਾਲ ਆਪਣੇ ਹੱਥ ਵਿੱਚ ਲੈ ਕੇ ਡਾਕਟਰਾਂ ਅਤੇ ਕਰਮਚਾਰੀਆਂ ਦੀ ਬਕਾਇਆ ਤਨਖਾਹ ਜਾਰੀ ਕਰੇ ਅਤੇ ਸੁਤੰਤਰ ਆਡਿਟ ਕਰਵਾਏ। ਉਨ੍ਹਾਂ ਕਿਹਾ ਕਿ 12 ਮਈ ਤੋਂ ਬਾਅਦ ਦੀ ਆਮਦਨ, ਬੈਂਕ ਕਰਜ਼ੇ ਅਤੇ ਹੋਰ ਵਿੱਤੀ ਲੈਣ-ਦੇਣ ਦਾ ਪੂਰਾ ਹਿਸਾਬ ਵੀ ਸੰਗਤ ਦੇ ਸਾਹਮਣੇ ਰੱਖਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪਾਰਦਰਸ਼ੀ ਢੰਗ ਨਾਲ ਸੰਚਾਲਨ ਹੋਣ ਨਾਲ ਸੰਸਥਾਨ ਮੁਨਾਫ਼ੇ ਵਿੱਚ ਚੱਲ ਸਕਦਾ ਹੈ ਅਤੇ ਮਰੀਜ਼ਾਂ ਨੂੰ ਸਸਤੀਆਂ ਦਵਾਈਆਂ ਅਤੇ ਬਿਹਤਰ ਸਿਹਤ ਸੇਵਾਵਾਂ ਮਿਲਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਸੰਸਥਾਨ ਦੇ ਹਾਲਾਤ ਖ਼ਰਾਬ ਕਰਨ ਲਈ ਜ਼ਿੰਮੇਵਾਰ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਪੰਜਾਬੀ ਅੱਖਰਾਂ ਨੂੰ ਮਾਣ ਦਿਵਾਉਣ ਵਾਲੀ ਸ਼ਖ਼ਸੀਅਤ ਮਾਸਟਰ ਬਿੱਕਰ ਸਿੰਘ ਹਾਂਗਕਾਂਗ ਦਾ ਵਿਸ਼ੇਸ਼ ਸਨਮਾਨ

## ਮਾ. ਬਿੱਕਰ ਸਿੰਘ ਮੇਰੇ ਪਿੰਡ ਦੀ ਮਾਣਮੱਤੀ ਸ਼ਖ਼ਸੀਅਤ ਅਤੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ

**ਭਲੂਰ ਤੋਂ ਬੇਅੰਤ ਗਿੱਲ** 'ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ' ਪਿਛਲੇ ਲੰਬੇ ਸਮੇਂ ਤੋਂ ਸਾਹਿਤਕ ਕਾਰਜਾਂ ਵਿਚ ਨਿੱਠ ਕੇ ਕੰਮ ਕਰ ਰਹੀ ਹੈ..। ਆਪਣੇ ਹਰ ਸਾਲਾਨਾ ਸਮਾਗਮ ਦੌਰਾਨ ਪੰਜਾਬ ਦੀਆਂ ਮਹਾਨ ਸ਼ਖਸ਼ੀਅਤਾਂ ਨੂੰ ਸਨਮਾਨਿਤ ਕਰਨ ਦੇ ਖੂਬਸੂਰਤ ਸਫ਼ੇ ਲਿਖ ਰਹੀ ਹੈ । ਇਸੇ ਤਰ੍ਹਾਂ ਸਭਾ ਨੇ ਐਤਕਾਂ ਦੇ ਸਾਲਾਨਾ ਸਾਹਿਤਕ ਸਮਾਗਮ ਦੌਰਾਨ ਵੱਖ ਵੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ..। ਇਹਨਾਂ ਵਿਦਵਾਨ ਸ਼ਖ਼ਸੀਅਤਾਂ ਵਿੱਚ ਪਿੰਡ ਭਲੂਰ ਦੀ ਮਾਣਮੱਤੀ ਸ਼ਖ਼ਸੀਅਤ ਮਾ ਬਿੱਕਰ ਸਿੰਘ ਹਾਂਗਕਾਂਗ ਹੋਰਾਂ ਨੂੰ ਸਰਦਾਰ ਫੁਲੇਲ ਸਿੰਘ 'ਫੁੱਲ' ਯਾਦਗਾਰੀ ਐਵਾਰਡ ਨਾਲ ਨਿਵਾਜਿਆ ਜਾ ਰਿਹਾ ਹੈ..। ਇਸ ਸਬੰਧੀ ਗੱਲਬਾਤ ਕਰਦਿਆਂ ਲੇਖਕ ਕੁਲਵੰਤ ਸਿੰਘ ਸਰੋਤਾ ਨੇ ਦੱਸਿਆ ਕਿ ਸਭਾ ਦੇ ਸਮੂਹ ਵੱਲੋਂ



ਮਾਸਟਰ ਬਿੱਕਰ ਸਿੰਘ।

ਲਿਆ ਗਿਆ ਉਕਤ ਫੈਸਲਾ ਖੂਬ ਸਰਾਹਿਆ ਜਾ ਰਿਹਾ




ਸਰਪੰਚ ਅਰਸ਼ਵਿੰਦਰ ਸਿੰਘ ਵਿਰਕ

ਹੈ, ਕਿਉਂਕਿ ਮਾਸਟਰ ਬਿੱਕਰ ਸਿੰਘ ਹਾਂਗਕਾਂਗ ਵਰਗੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕਰਨਾ ਸਭਾ ਲਈ ਵੱਡੇ ਮਾਣ ਵਾਲੀ ਗੱਲ ਹੈ । ਮਾਸਟਰ ਬਿੱਕਰ ਸਿੰਘ ਹਾਂਗਕਾਂਗ ਦੇ ਸਨਮਾਨ ਨੂੰ ਲੈ ਕੇ 'ਨੌਜਵਾਨ ਸਾਹਿਤ ਸਭਾ ਭਲੂਰ' ਦੇ ਨੁਮਾਇੰਦਿਆਂ ਵੱਲੋਂ ਮਾਸਟਰ ਬਿੱਕਰ ਸਿੰਘ ਨੂੰ ਮੁਬਾਰਕਬਾਦ ਦਿੱਤੀ ਗਈ । ਇਸ ਮੌਕੇ ਪਿੰਡ ਦੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਮਾਸਟਰ ਬਿੱਕਰ ਸਿੰਘ ਹਾਂਗਕਾਂਗ ਪਿੰਡ ਭਲੂਰ ਦੀ ਉਹ ਮਹਾਨ ਸ਼ਖ਼ਸੀਅਤ ਹਨ, ਜਿੰਨ੍ਹਾਂ ਹਮੇਸ਼ਾ ਪਿੰਡ ਦੇ ਭਲੇ ਦੀ ਗੱਲ ਕੀਤੀ ਹੈ ਅਤੇ ਸਦਾ ਪਿੰਡ ਦੇ ਵਿਕਾਸ ਕਾਰਜਾਂ ਲਈ ਯਤਨਸ਼ੀਲ ਰਹੇ..। ਉਨ੍ਹਾਂ ਦੇ ਸਨਮਾਨ ਨਾਲ ਪਿੰਡ ਨੂੰ ਵੱਡਾ ਮਾਣ ਮਿਲਿਆ ਹੈ..। ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਅਤੇ ਸਮੁੱਚੀ ਗ੍ਰਾਮ ਪੰਚਾਇਤ ਭਲੂਰ ਨੇ ਮਾਸਟਰ ਬਿੱਕਰ ਸਿੰਘ ਹੋਰਾਂ ਨੂੰ ਮੁਬਾਰਕਬਾਦ ਦਿੰਦਿਆਂ 'ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ' ਦਾ ਉਚੇਚਾ ਧੰਨਵਾਦ ਕੀਤਾ ।

# ਟਰੱਸਟ ਆਗੂਆਂ ਵੱਲੋਂ ਸੁਦੇਸ਼ ਸ਼ਰਮਾ ਦੀ ਮੌਤ ’ਤੇ ਦੁੱਖ ਪ੍ਰਗਟ : ਢੋਸੀਵਾਲ

## ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ

**ਫ਼ਰੀਦਕੋਟ (ਸ਼ਿਵਨਾਥ )** ਇਸ ਸੰਸਾਰ ਵਿੱਚ ਬਹੁਤ ਸਾਰੇ ਵਿਅਕਤੀ ਅਜਿਹੇ ਹੁੰਦੇ ਹਨ ਜੋ ਆਪਣੇ ਜੀਵਨ ਵਿੱਚ ਕੀਤੇ ਕਾਰਜਾਂ ਲਈ ਸਦਾ ਵਾਸਤੇ ਇਕ ਅਮਿੱਟ ਛਾਪ ਛੱਡ ਜਾਂਦੇ ਹਨ। ਇਹਨ੍ਹਾਂ ਵੱਲੋਂ ਕੀਤੇ ਗਏ ਸੰਘਰਸ਼ ਨੂੰ ਸਦਾ ਹੀ ਯਾਦ ਰੱਖਿਆ ਜਾਂਦਾ ਹੈ। ਅਜਿਹਾ ਹੀ ਇਕ ਨਾਮ ਸਥਾਨਕ ਸ਼ਹਿਰ ਨਿਵਾਸੀ ਸੁਦੇਸ਼ ਕਮਲ ਸ਼ਰਮਾ ਦਾ ਹੈ। ਉਹ ਜੀਵਨ ਭਰ ਜਨਰਲ ਵਰਗ ਦੇ ਹੱਕਾਂ ਲਈ ਸਾਰਥਿਕ ਸੰਘਰਸ਼ ਲੜਦੇ ਰਹੇ। ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਦੇਸ਼ ਕਮਲ ਸ਼ਰਮਾ ਸੰਖੇਪ ਬਿਮਾਰੀ ਉਪਰੰਤ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਸਵ: ਸ਼ਰਮਾ ਦੀ ਮੌਤ ’ਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਅਤੇ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਚੇਅਰਮੈਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਸਮੇਤ ਟਰੱਸਟ ਦੀ ਜਿਲ੍ਹਾ ਇਕਾਈ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਟਰੱਸ ਦੀ ਚੀਫ਼ ਪੈਟਰਨ ਮੈਡਮ ਹੀਰਾਵਤੀ, ਚੇਅਰਮੈਨ ਡਾ. ਹਰਪਾਲ ਸਿੰਘ, ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ ਗਰੇਵਾਲ, ਸੀਨੀਅਰ ਮੀਤ ਪ੍ਰਧਾਨ ਇੰਸ. ਰਮੇਸ਼ ਕੁਮਾਰ ਬਾਰੋਲੀਆ, ਮੀਤ ਪ੍ਰਧਾਨ ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਪ੍ਰੋ. ਮਲਕੀਤ ਸਿੰਘ ਮੰਮਨ, ਮੁੱਖ ਸਲਾਹਕਾਰ ਸ੍ਰੀ ਕ੍ਰਿਸ਼ਨ ਆਰ ਏ ਅਤੇ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ



ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸਵ: ਸ਼ਰਮਾ ਦੀ ਮੌਤ ਨੂੰ ਪਰਿਵਾਰ ਅਤੇ ਸਮਾਜ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ। ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਜੋ ਵਿਅਕਤੀ ਆਪਣੇ ਸਮਾਜ ਜਾਂ ਵਰਗ ਦੇ ਹਿੱਤਾਂ ਲਈ ਨੇਕ ਨੀਤੀ ਅਤੇ ਇਮਾਨਦਾਰੀ ਨਾਲ ਕਾਰਜ ਕਰਦੇ ਹਨ ਉਨ੍ਹਾਂ ਨੂੰ ਸਮਾਜ ਕਦੇ ਭੁਲਾ ਨਹੀਂ ਸਕਦਾ। ਸਵ: ਸ਼ਰਮਾ ਦੀਆਂ ਆਪਣੇ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਸਦਾ ਹੀ ਸਬੰਧਤ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਰਹਿਣਗੀਆਂ। ਸ੍ਰੀ ਢੋਸੀਵਾਲ ਨੇ ਅੱਗੇ ਇਹ ਵੀ ਦੱਸਿਆ ਹੈ ਕਿ ਕਰੀਬ ਪਿਛਲੇ ਪੰਜਾਹ ਸਾਲ ਤੋਂ ਸਵ: ਸ਼ਰਮਾ ਨਾਲ ਉਨ੍ਹਾਂ ਦਾ ਮੇਲ ਮਿਲਾਪ ਰਿਹਾ ਹੈ।

ਬੇਹੱਦ ਹੱਸਮੁਖ ਅਤੇ ਮਿਲਾਪੜੇ ਸੁਭਾਅ ਵਾਲੇ ਸ਼ਰਮਾ ਹਰ ਮੁਸ਼ਕਲ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਅਤੇ ਉਸਨੂੰ ਹੱਲ ਕਰਨ ਲਈ ਯਤਨਸ਼ੀਲ ਰਹਿੰਦੇ ਸਨ।

# SPS ਹਸਪਤਾਲ ਵਿੱਚ "SPS Sarpanch Meet 2026" ਦਾ ਸ਼ਾਨਦਾਰ ਆਯੋਜਨ

**ਲੁਧਿਆਣਾ 27 ਜੁਲਾਈ (ਕਰਨੈਲ ਸਿੰਘ ਐੱਮ. ਏ.)** ਪੰਜਾਬ ਦੇ ਅਗੇਅਣੇ 350-ਬੈੱਡ ਮਲਟੀ-ਸਪੈਸ਼ਲਟੀ SPS ਹਸਪਤਾਲ ਵਿੱਚ ‘SPS Sarpanch Meet 2026’ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਦੌਰਾਨ ਲੁਧਿਆਣਾ ਦੇ 100 ਤੋਂ ਵੱਧ ਸਰਪੰਚਾਂ ਦੀ ਮੌਜੂਦਗੀ ਵਿੱਚ ‘ਸ਼ਫਸ਼ ਸਰਪੰਚ ਵੈਲਨੈੱਸ ਕਾਰਡ’ ਲਾਂਚ ਕੀਤਾ ਗਿਆ। ਇਸ ਪਹਿਲ ਦਾ ਮਕਸਦ ਪਿੰਡਾਂ ਤੱਕ ਗੁਣਵੱਤਾ ਵਾਲੀਆਂ ਅਤੇ ਸੌਖੀਆਂ ਸਿਹਤ ਸੇਵਾਵਾਂ ਪਹੁੰਚਾਉਣਾ ਹੈ। ਸਮਾਗਮ ਦਾ ਉਦਘਾਟਨ ਕੈਬਿਨੇਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ





ਕੀਤਾ। ਇਸ ਮੌਕੇ ਸ਼ਫਸ਼ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਜੈ ਸਿੰਘ ਸੰਧੂ, ਸੀਓਓ ਸ਼੍ਰੀ ਯੋਗੇਂਦਰ ਨਾਥ ਅਵਧੀਆ, ਸੀਨੀਅਰ ਡਾਕਟਰ ਅਤੇ ਹੋਰ ਗਣਮਾਨਯ ਹਾਜ਼ਰ ਸਨ। ਕੈਬਿਨੇਟ ਮੰਤਰੀ ਨੇ ਹਸਪਤਾਲ ਦੀਆਂ ਆਧੁਨਿਕ ਸਿਹਤ ਸੇਵਾਵਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਵੈਲਨੈੱਸ ਕਾਰਡ ਪਿੰਡਾਂ ਦੇ ਲੋਕਾਂ ਨੂੰ ਸਮੇਂ ਸਿਰ ਸਿਹਤ ਜਾਂਚ ਅਤੇ ਵਧੀਆ ਇਲਾਜ ਪ੍ਰਦਾਨ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਸ਼੍ਰੀ ਜੈ ਸਿੰਘ ਸੰਧੂ ਨੇ ਕਿਹਾ ਕਿ ਹਸਪਤਾਲ ਦਾ ਮਕਸਦ ਸਮਾਜ ਦੇ ਹਰ ਵਰਗ ਤੱਕ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪਹੁੰਚਾਉਣਾ ਹੈ। ਸੀਓਓ ਸ਼੍ਰੀ ਯੋਗੇਂਦਰ ਨਾਥ ਅਵਧੀਆ ਨੇ ਦੱਸਿਆ ਕਿ ਕਾਰਡਧਾਰਕਾਂ ਨੂੰ ਫਧ ਸਲਾਹ, ਹੈਲਥ ਚੈਕਅੱਪ, ECG, 2D Echo, PFT, RBS ਟੈਸਟ, ਡਾਇਟੀਸ਼ੀਅਨ ਅਤੇ ਫਿਜ਼ਿਓਥੈਰੇਪੀ ਸਲਾਹ ਸਮੇਤ ਕਈ ਵਿਸ਼ੇਸ਼ ਸੁਵਿਧਾਵਾਂ ਮਿਲਣਗੀਆਂ।ਮਾਹਿਰ ਡਾਕਟਰਾਂ ਨੇ ਦਿਲ ਦੀਆਂ ਬਿਮਾਰੀਆਂ, ਕੈਂਸਰ, ਕਿਡਨੀ ਰੋਗ, ਮਹਿਲਾ ਅਤੇ ਬੱਚਿਆਂ ਦੀ ਸਿਹਤ ਅਤੇ ਸਮੇਂ ਸਿਰ ਜਾਂਚ ਬਾਰੇ ਜਾਗਰੂਕਤਾ ਫੈਲਾਈ। ਅੰਤ ਵਿੱਚ ਵੈਲਨੈੱਸ ਕਾਰਡ ਦਾ ਰਸਮੀ ਸ਼ੁਭਾਰੰਭ, ਮਹਿਮਾਨਾਂ ਦਾ ਸਨਮਾਨ ਅਤੇ ਲੰਚ ਦਾ ਆਯੋਜਨ ਕੀਤਾ ਗਿਆ।

# ਨੌਜਵਾਨਾਂ ਤੇ ਵਿਦਿਆਰਥੀਆਂ ਦੇ ਅੰਦੋਲਨ ਨੇ ਖੱਬੇ ਪੱਖੀ ਲਹਿਰ ਨੂੰ ਮਜ਼ਬੂਤ ਕਰਨ ਵੱਲ ਤੇਜ਼ੀ ਨਾਲ ਵਧਾਇਆ ਇੱਕ ਕਦਮ : ਕਾਮਰੇਡ ਹਰਦੇਵ ਅਰਸ਼ੀ

## 1 ਸਤੰਬਰ ਦੀ ਦਿੱਲੀ ਰੈਲੀ ਵਿੱਚ ਫਰੀਦਕੋਟ ਤੋਂ ਸੈਕੜੇ ਵਰਕਰ ਸ਼ਾਮਲ ਹੋਣਗੇ -ਚਾਵਲਾ, ਸੀ ਪੀ ਆਈ ਜ਼ਿਲ੍ਹਾ ਫਰੀਦਕੋਟ ਦੀ ਜ਼ਿਲ੍ਹਾ ਕੌਂਸਲ ਦੀ ਹੋਈ ਮੀਟਿੰਗ

**ਫ਼ਰੀਦਕੋਟ (ਸ਼ਿਵਨਾਥ )**ਨੌਜਵਾਨਾਂ ਤੇ ਵਿਦਿਆਰਥੀਆਂ ਦੇ ਅੰਦੋਲਨ ਨੇ ਖੱਬੇ ਪੱਖੀ ਲਹਿਰ ਨੂੰ ਮਜ਼ਬੂਤ ਕਰਨ ਵੱਲ ਤੇਜ਼ੀ ਨਾਲ ਕਦਮ ਅੱਗੇ ਵਧਾਏ ਹਨ। ਇਸ ਸੰਘਰਸ਼ ਨੇ ਸੰਘਰਸ਼ਾਂ ਦੇ ਇਤਿਹਾਸ ਵਿੱਚ ਕਿਸਾਨ ਅੰਦੋਲਨ , ਪੰਜਾਬ ਯੂਨੀਵਸਟੀ ਚੰਡੀਗੜ੍ਹ ਦੇ ਅੰਦੋਲਨ ਤੋਂ ਬਾਅਦ ਹੁਣ ਤੀਜੀ ਵਾਰ ਲੋਕ ਸੰਘਰਸ਼ ਅੱਗੇ ਝੁਕਣ ਲਈ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਨੂੰ ਮਜਬੂਰ ਕੀਤਾ ਹੈ।

ਕਾਮਰੇਡ ਅਰਸ਼ੀ ਨੇ ਅੱਗੇ ਕਿਹਾ ਕਿ ਵਿਦਿਆਰਥੀ ਸੰਗਠਨਾਂ ਦੀ ਇਹ ਜਿੱਤ ਖੱਬੇ ਪੱਖ ਲਈ ਇੱਕ ਮਹੱਤਵਪੂਰਨ ਸਫਲਤਾ ਮੰਨੀ ਜਾ ਰਹੀ ਹੈ ਕਿਉਂਕਿ ਖੱਬੇ ਪੱਖੀ ਵਿਦਿਆਰਥੀ ਸੰਗਠਨਾਂ ਨੇ ਇਸ ਅੰਦੋਲਨ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਈ ਹੈ। ਇਸ ਕਰਕੇ ਹੀ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਅੰਦੋਲਨ ਅੱਗੇ ਝੁਕਦਿਆਂ ਅਸਤੀਫਾ ਦੇਣ ਅਤੇ ਹੁਕਮਰਾਨ ਮੋਦੀ ਸਰਕਾਰ ਨੂੰ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਿਆ। ਇਹ ਸਭ ਕੁਝ ਖੱਬੇ ਪੱਖੀ ਲਹਿਰ ਲਈ ਇੱਕ ਸ਼ੁਭ ਸੰਕੇਤ ਕਿਹਾ ਜਾ ਸਕਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਸਥਾਨਕ ਸ਼ਹੀਦ ਕਾਮ-ਰੇਡ ਅਮੋਲਕ ਸਿੰਘ ਭਵਨ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫਰੀਦਕੋਟ ਕੌਂਸਲ ਦੀ ਪੈਨਸ਼ਨਰ ਆਗੂ ਸੋਮ ਨਾਥ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਵੱਲੋਂ ਕੀਤਾ ਗਿਆ।



ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਪ੍ਰੇਮ ਚਾਵਲਾ ,ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ , ਵਿੱਤ ਸਕੱਤਰ ਗੁਰ-ਚਰਨ ਸਿੰਘ ਮਾਨ , ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ , ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ , ਕਾਮਰੇਡ ਗੋਰਾ ਪਿਪਲੀ ਅਤੇ ਸਲਾਹਕਾਰ ਬਲਕਾਰ ਸਿੰਘ ਸਹੋਤਾ, ਨੌਜਵਾਨ ਆਗੂ ਚਰਨਜੀਤ ਸਿੰਘ ਚਮੇਲੀ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕਮੇਟੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ 1 ਸਤੰਬਰ ਨੂੰ ਦਿੱਲੀ ਚੱਲੋ ਬਦਲਾਅ ਰੈਲੀ ਅਤੇ ਇਸ ਰੈਲੀ ਦੀ ਤਿਆਰੀ ਲਈ 6 ਅਗਸਤ ਤੋਂ 15 ਅਗਸਤ ਤੱਕ ਪਿੰਡ ਪੱਧਰ ਤੇ ਜਨ ਸੰਪਰਕ ਮੁਹਿੰਮ ਨੂੰ ਸਫਲ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ। ਇਹਨਾਂ ਪ੍ਰੋਗਰਾਮਾਂ ਦੀ ਤਿਆਰੀ ਲਈ 3 ਅਗਸਤ ਨੂੰ ਸਵੇਰੇ 8-30ਵਜੇ ਸ਼ਹੀਦ ਕਾਮਰੇਡ ਅਮੋਲਕ ਭਵਨ ਫਰੀਦਕੋਟ ਵਿਖੇ ਜ਼ਿਲ੍ਹਾ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਕਰਕੇ ਸਮੁੱਚੇ ਪ੍ਰੋਗਰਾਮਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗੀ। ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਪ੍ਰੇਮ ਚਾਵਲਾ ਨੇ ਅੱਗੇ ਕਿਹਾ ਕਿ ਫਰੀਦਕੋਟ ਜ਼ਿਲ੍ਹੇ ਤੋਂ ਸੈਕੜੇ ਵਰਕਰ 1 ਸਤੰਬਰ ਦੀ ਦਿੱਲੀ ਰੈਲੀ ਵਿੱਚ ਸ਼ਾਮਿਲ ਹੋਣਗੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਗਿੱਲ, ਪ੍ਰਦੀਪ ਸਿੰਘ ਬਰਾੜ, ਜਗਤਾਰ ਸਿੰਘ ਸਾਬਕਾ ਸਰਪੰਚ ਭਾਣਾ, ਮੁਖਤਿਆਰ ਸਿੰਘ ਭਾਣਾ, ਗੁਰਦੀਪ ਸਿੰਘ ਦੀਪ ਸਿੰਘ ਵਾਲਾ,, ਜਸਪਾਲ ਸਿੰਘ ਦੀਪ ਸਿੰਘ ਵਾਲਾ, ਜਗਤਾਰ ਸਿੰਘ ਪੱਪੀ ਰਾਜੋ ਵਾਲਾ, ਗੁਰਦੀਪ ਭੋਲਾ, ਬੋਹੜ ਸਿੰਘ ਔਲਖ, ਰੇਸ਼ਮ ਸਿੰਘ ਜਿਉਣ ਵਾਲਾ, ਨਾਇਬ ਸਿੰਘ ਘਣੀਏ ਵਾਲਾ, ਸ਼ਿਵ ਕੁਮਾਰ ਸ਼ਰਮਾ ਔਲਖ ਅਤੇ ਕੁਲਵੰਤ ਸਿੰਘ ਕੰਤਾ ਔਲਖ, ਆਦਿ ਹਾਜ਼ਰ ਸਨ।

# ਬਲਾਚੌਰ 'ਚ 'ਸਰਕਾਰ ਤੁਹਾਡੇ ਦੁਆਰ': ਲੋਕ-ਪੱਖੀ ਨੀਤੀਆਂ ਘਰ-ਘਰ ਪਹੁੰਚਾਉਣ ਲਈ ਸਤਨਾਮ ਜਲਾਲਪੁਰ ਨੇ ਵਿੱਢੀ ਮੀਟਿੰਗਾਂ ਦੀ ਲੜੀ

**ਬਲਾਚੌਰ 27 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ** )ਪੰਜਾਬ ਸਰਕਾਰ ਦੀਆਂ ਲੋਕ-ਕਲਿਆਣਕਾਰੀ ਨੀਤੀਆਂ ਅਤੇ ਵਿਕਾਸ ਕਾਰਜਾਂ ਦਾ ਲਾਹਾ ਹਰ ਆਮ ਨਾਗਰਿਕ ਤੱਕ ਪਹੁੰਚਾਉਣ ਦੇ ਮਕਸਦ ਨਾਲ ਹਲਕਾ ਬਲਾਚੌਰ ਵਿੱਚ ਸਿਆਸੀ ਗਰਮਜੋਸ਼ੀ ਵਧ ਗਈ ਹੈ। ਇਸੇ ਤਹਿਤ ਸਾਬਕਾ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਹਲਕੇ ਦੇ ਪਿੰਡ-ਪਿੰਡ ਜਾ ਕੇ ਵਿਸ਼ੇਸ਼ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਇਸੇ ਕੜੀ ਤਹਿਤ ਪਿੰਡ ਮਾਲੇਵਾਲ ਵਿਖੇ ਪ੍ਰਭਾਵਸ਼ਾਲੀ ਇਕੱਠ ਹੋਇਆ।



ਮੀਟਿੰਗ ਦੌਰਾਨ ਵੱਡੀ ਗਿਣਤੀ 'ਚ ਜੁੜੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਆਮ ਲੋਕਾਂ ਦੀ ਆਪਣੀ ਸਰਕਾਰ ਹੈ, ਜਿਸ ਨੇ ਚੋਣਾਂ ਦੌਰਾਨ ਕੀਤੇ ਹਰ ਵੱਡੇ ਵਾਅਦੇ ਨੂੰ ਅਮਲੀ ਜਾਮਾ ਪਹਿਨਾਇਆ ਹੈ। ਉਨ੍ਹਾਂ ਸਰਕਾਰ ਦੀਆਂ ਪ੍ਰਮੁੱਖ ਪ੍ਰਾਪਤੀਆਂ ਨੂੰ ਗਿਣਾਇਆਂ ਕਿ ਸੂਬੇ ਦੇ 90 ਫ਼ੀਸਦੀ ਤੋਂ ਵੱਧ ਪਰਿਵਾਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ, ਜਿਸ ਨਾਲ ਆਮ ਲੋਕਾਂ ਨੂੰ ਵੱਡੀ ਵਿੱਤੀ ਰਾਹਤ ਮਿਲੀਲ ਬਿਨਾਂ ਕਿਸੇ ਸਿਫ਼ਾਰਿਸ਼ ਜਾਂ ਰਿਸ਼ਵਤਖ਼ੋਰੀ ਦੇ, ਹਜ਼ਾਰਾਂ ਯੋਗ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।'ਆਮ ਆਦਮੀ ਕਲੀਨਿਕ' ਰਾਹੀਂ ਪਿੰਡ-ਪਿੰਡ ਮੁਫ਼ਤ ਇਲਾਜ ਅਤੇ ਦਵਾਈਆਂ ਦੀ ਸਹੂਲਤ ਮਿਲ ਰਹੀ ਹੈ। ਇਸ ਦੇ ਨਾਲ ਹੀ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕ ਕੇ ਸਿੱਖਿਆ ਦੇ ਖੇਤਰ ਵਿੱਚ ਇਨਕਲਾਬੀ ਤਬਦੀਲੀ ਲਿਆਂਦੀ ਗਈ ਹੈ।ਸਤਨਾਮ ਜਲਾਲਪੁਰ ਨੇ ਸਪੱਸ਼ਟ ਕੀਤਾ ਕਿ ਇਹ ਨੁੱਕੜ ਮੀਟਿੰਗਾਂ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਦਾ ਜ਼ਰੀਆ ਹਨ, ਪਿੰਡਾਂ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਸੁਣ ਕੇ ਉਨ੍ਹਾਂ ਦਾ ਤੁਰੰਤ ਹੱਲ ਕਰਵਾਇਆ ਜਾ ਸਕੇ।ਇਸ ਪ੍ਰਭਾਵਸ਼ਾਲੀ ਮੀਟਿੰਗ ਦੌਰਾਨ ਪਿੰਡ ਮਾਲੇਵਾਲ ਦੇ ਪਤਵੰਤੇ ਸੱਜਣਾਂ ਅਤੇ ਨਿਵਾਸੀਆਂ ਨੇ ਸਾਬਕਾ ਚੇਅਰਮੈਨ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਪਿੰਡ ਦੇ ਮੋਹਤਬਰਾਂ ਨੇ ਪੰਜਾਬ ਸਰਕਾਰ ਦੇ ਕੰਮਾਂ 'ਤੇ ਪੂਰਨ ਤਸੱਲੀ ਪ੍ਰਗਟਾਉਂਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਦਾ ਪੂਰਨ ਸਮਰਥਨ ਕਰਨਗੇ।

# ਵਿਸ਼ਵ ਪੰਜਾਬੀ ਸਭਾ, ਕੈਨੇਡਾ ਵੱਲੋਂ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ, ਮਾਨਸਾ ਨੂੰ ਵਾਟਰ ਕੂਲਰ ਭੇਟ

**ਮਾਨਸਾ, 27 ਜੁਲਾਈ 2026:** ਸਿੱਖਿਆ ਅਤੇ ਸਮਾਜ ਸੇਵਾ ਦੇ ਪਵਿੱਤਰ ਸੰਕਲਪ ਨੂੰ ਸਾਕਾਰ ਕਰਦਿਆਂ ਵਿਸ਼ਵ ਪੰਜਾਬੀ ਸਭਾ, ਕੈਨੇਡਾ ਨੇ ਇੱਕ ਹੋਰ ਸ਼ਲਾਘਾਯੋਗ ਉਪਰਾਲਾ ਕਰਦਿਆਂ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ, ਮਾਨਸਾ (ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਕੰਸਟੀਚੂਐਂਟ ਕਾਲਜ) ਦੀਆਂ ਵਿਦਿਆਰਥਣਾਂ ਲਈ ਆਧੁਨਿਕ ਵਾਟਰ ਕੂਲਰ ਭੇਟ ਕੀਤਾ। ਇਹ ਸੇਵਾ ਕਾਰਜ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੀ ਸਰਪ੍ਰਸਤੀ ਅਤੇ ਸਮਾਜ ਸੇਵੀ ਸ. ਸਤਬੀਰ ਸਿੰਘ ਦੀ ਪ੍ਰੇਰਣਾ ਅਤੇ ਦਿਸ਼ਾ-ਨਿਰਦੇਸ਼ਾਂ ਅਧੀਨ ਸੰਪੰਨ ਹੋਇਆ।



ਇਸ ਮੌਕੇ ਵਿਸ਼ਵ ਪੰਜਾਬੀ ਸਾਹਿਤ ਸਭਾ, ਕੈਨੇਡਾ ਦੀ ਨੁਮਾਇੰਦਗੀ ਕਰਦਿਆਂ ਪ੍ਰੋ. ਪਵਨ ਖਿੱਚੀ ਆਪਣੀ ਧਰਮ ਪਤਨੀ ਸਮੇਤ ਕਾਲਜ ਪੁੱਜੇ ਅਤੇ ਸੰਸਥਾ ਵੱਲੋਂ ਇਹ ਲੋਕ-ਭਲਾਈ ਦੀ ਭੇਟ ਕਾਲਜ ਨੂੰ ਸੌਂਪੀ। ਇਸ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾ. ਰਾਮ ਕ੍ਰਿਸ਼ਨ ਨੇ ਸਮੂਹ ਕਾਲਜ ਪਰਿਵਾਰ ਵੱਲੋਂ ਇਸ ਨੇਕ ਉਪਰਾਲੇ ਲਈ ਵਿਸ਼ਵ ਪੰਜਾਬੀ ਸਾਹਿਤ ਸਭਾ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਿਆ ਸੰਸਥਾਵਾਂ ਨੂੰ ਸਮਾਜ ਨਾਲ ਜੋੜਨ ਵਾਲੇ ਅਜਿਹੇ ਸੇਵਾ-ਕਾਰਜ ਵਿਦਿਆਰਥੀਆਂ ਦੇ ਮਨਾਂ ਵਿੱਚ ਮਨੁੱਖਤਾ, ਸੇਵਾ ਅਤੇ ਸਾਂਝੀਵਾਲਤਾ ਦੇ ਉੱਚੇ ਮੁੱਲਾਂ ਨੂੰ ਹੋਰ ਪ੍ਰਗਟਾਉਂਦੇ ਹਨ।

ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਸ. ਸਤਬੀਰ ਸਿੰਘ ਅਤੇ ਪ੍ਰੋ. ਪਵਨ ਖਿੱਚੀ ਦਾ ਹਾਰਦਿਕ ਧੰਨਵਾਦ ਕੀਤਾ। ਇਸ ਦੇ ਨਾਲ ਹੀ ਕਾਲਜ ਦੀ ਸਾਬਕਾ ਅਧਿਆਪਕਾ ਡਾ. ਜਸਵਿੰਦਰ ਕੌਰ ਸੱਗੂ, ਜੋ ਇਸ ਸਮੇਂ ਘਨੌਰ ਕਾਲਜ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਦਾ ਵੀ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ, ਜਿਨ੍ਹਾਂ ਦੇ ਅਣਥੱਕ ਯਤਨਾਂ ਅਤੇ ਸਰਗਰਮ ਸਹਿਯੋਗ ਸਦਕਾ ਇਹ ਪ੍ਰੋਜੈਕਟ ਸਾਕਾਰ ਹੋ ਸਕਿਆ।

ਇਸ ਮੌਕੇ ਕਾਲਜ ਦੇ ਪ੍ਰਮੁੱਖ ਅਧਿਆਪਕਾਂ ਵਿੱਚ ਡਾ. ਕਿਰਨ ਬਾਲਾ, ਡਾ. ਜਸਪਾਲ ਸਿੰਘ, ਪ੍ਰੋ. ਹਰਜੀਤ ਸਿੰਘ, ਪ੍ਰੋ. ਸੁਚਰੀਤ ਕੌਰ ਸਮੇਤ ਸਮੂਹ ਅਧਿਆਪਕ ਅਤੇ ਗੈਰ-ਅਧਿਆਪਕ ਸਟਾਫ਼ ਹਾਜ਼ਰ ਸਨ। ਵਿਸ਼ਵ ਪੰਜਾਬੀ ਸਾਹਿਤ ਸਭਾ ਦੇ ਨੁਮਾਇੰਦਿਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੰਸਥਾ ਵਿਸ਼ਵ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਆਪਣੀ ਮਾਤਭੂਮੀ ਨਾਲ ਜੋੜਦਿਆਂ ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਸਮਾਜ ਸੇਵਾ ਦੇ ਖੇਤਰਾਂ ਵਿੱਚ ਨਿਰੰਤਰ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਵਿਦਿਅਕ ਸੰਸਥਾਵਾਂ ਅਤੇ ਸਮਾਜ ਦੇ ਲੋੜਵੰਦ ਵਰਗਾਂ ਲਈ ਅਜਿਹੇ ਲੋਕ-ਭਲਾਈ ਦੇ ਕਾਰਜ ਲਗਾਤਾਰ ਜਾਰੀ ਰਹਿਣਗੇ।

ਇਸ ਦੌਰਾਨ ਕਾਲਜ ਪਰਿਵਾਰ ਨੇ ਵਿਸ਼ਵ ਪੰਜਾਬੀ ਸਭਾ, ਕੈਨੇਡਾ ਦੇ ਇਸ ਮਨੁੱਖਤਾ-ਪੱਖੀ ਉਪਰਾਲੇ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਇਹ ਵਾਟਰ ਕੂਲਰ ਸਿਰਫ਼ ਇੱਕ ਸੁਵਿਧਾ ਨਹੀਂ, ਸਗੋਂ ਵਿਦਿਆਰਥਣਾਂ ਦੀ ਸਿਹਤ, ਸੁਖ-ਸਹੂਲਤ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਸੰਸਥਾ ਦੀ ਸੰਵੇਦਨਸ਼ੀਲ ਸੋਚ ਦਾ ਪ੍ਰਤੀਕ ਹੈ। ਇਹ ਉਪਰਾਲਾ ਸਿੱਖਿਆ ਅਤੇ ਸੇਵਾ ਦੇ ਸੁਮੇਲ ਦੀ ਇੱਕ ਸੁੰਦਰ ਮਿਸਾਲ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਕਰਮ ਸਿੰਘ ਭੰਡਾਰੀ ਧਾਰਮਿਕ ਤੇ ਵਿਦਿਅਕ ਖੇਤਰ ਦੀ ਅਣਮੁੱਲੀ ਸ਼ਖ਼ਸੀਅਤ, ਨਵੀਂ ਪੀੜ੍ਹੀ ਨੂੰ ਗੁਰਬਾਣੀ ਨਾਲ ਜੋੜਨ ਲਈ ਕਰ ਰਹੇ ਸ਼ਲਾਘਾਯੋਗ ਉਪਰਾਲੇ: ਅਵਤਾਰ ਸਿੰਘ ਰਾਏਸਰ

**ਬਰਨਾਲਾ (ਗੁਰਭਿੰਦਰ ਸਿੰਘ ਗੁਰੀ**) ਧਾਰਮਿਕ ਚੇਤਨਾ ਦੇ ਪ੍ਰਚਾਰ-ਪ੍ਰਸਾਰ ਅਤੇ ਨਵੀਂ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਨਿਰੰਤਰ ਯਤਨਸ਼ੀਲ ਗਿਆਨੀ ਕਰਮ ਸਿੰਘ ਭੰਡਾਰੀ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰਨਾਲਾ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਅਵਤਾਰ ਸਿੰਘ ਰਾਏਸਰ ਨੇ ਕਿਹਾ ਕਿ ਗਿਆਨੀ ਕਰਮ ਸਿੰਘ ਭੰਡਾਰੀ ਧਾਰਮਿਕ, ਸਮਾਜਿਕ ਅਤੇ ਵਿਦਿਅਕ ਖੇਤਰ ਵਿੱਚ ਅਣਮੁੱਲਾ ਯੋਗਦਾਨ ਪਾਉਣ ਵਾਲੀ ਵਿਲੱਖਣ ਸ਼ਖ਼ਸੀਅਤ ਹਨ। ਉਹ ਪਿਛਲੇ ਲੰਬੇ ਸਮੇਂ ਤੋਂ ਗੁਰੂ ਸਾਹਿਬਾਨ ਦੇ ਜੀਵਨ, ਗੁਰਬਾਣੀ ਅਤੇ ਸਿੱਖ ਇਤਿਹਾਸ ਸਬੰਧੀ ਖੋਜ-ਅਧਾਰਿਤ ਅਤੇ ਪ੍ਰਮਾਣਿਕ ਜਾਣਕਾਰੀ ਲੋਕਾਂ ਤੱਕ ਪਹੁੰਚਾ ਕੇ ਸਮਾਜ ਨੂੰ ਸਹੀ ਦਿਸ਼ਾ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਗਿਆਨੀ ਕਰਮ ਸਿੰਘ ਭੰਡਾਰੀ ਵੱਲੋਂ ਤਿਆਰ ਕੀਤਾ ਗਿਆ ਪੈਂਫਲਿਟ "ਮਾਨਵਤਾ ਦੇ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਮੁੱਢਲੀ ਜਾਣਕਾਰੀ" ਬਹੁਤ ਹੀ ਲਾਹੇਵੰਦ ਅਤੇ ਗਿਆਨਵਰਧਕ ਪ੍ਰਕਾਸ਼ਨ ਹੈ, ਜਿਸ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰਨਾਲਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਪੈਂਫਲਿਟ ਵਿਦਿਆਰਥੀਆਂ ਅਤੇ ਆਮ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਤਿਹਾਸ, ਮਹੱਤਵ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਨਾਲ ਜਾਣੂ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਰਾਏਸਰ ਨੇ ਦੱਸਿਆ ਕਿ ਗਿਆਨੀ ਕਰਮ ਸਿੰਘ ਭੰਡਾਰੀ ਨੇ ਮਿਆਰੀ ਪੱਤਰਕਾਰੀ ਦੇ ਖੇਤਰ ਵਿੱਚ ਵੀ ਲੰਮਾ ਸਮਾਂ ਸੇਵਾ ਨਿਭਾਈ ਹੈ ਅਤੇ ਆਪਣੇ ਵਿਦਵਤਾਪੂਰਨ ਲੇਖਾਂ ਰਾਹੀਂ ਸਮਾਜ ਨੂੰ ਜਾਗਰੂਕ ਕਰਨ ਦਾ ਮਹੱਤਵਪੂਰਨ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਭੰਡਾਰੀ ਆਪਣੇ ਆਪ ਵਿੱਚ ਇੱਕ ਸੰਸਥਾ ਦਾ ਰੂਪ ਧਾਰ ਚੁੱਕੇ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਣਨਗੀਆਂ।



ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਪੈਂਫਲਿਟ ਨੂੰ ਇਲਾਕੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਤੱਕ ਪਹੁੰਚਾਇਆ ਜਾਵੇਗਾ। ਇਸ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀਆਂ ਦੇ ਗਿਆਨ ਦੀ ਪਰਖ ਲਈ ਮੁਕਾਬਲੇ ਦੇ ਟੈਸਟ ਕਰਵਾਏ ਜਾਣਗੇ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ, ਤਾਂ ਜੋ ਬੱਚਿਆਂ ਵਿੱਚ ਧਾਰਮਿਕ ਇਤਿਹਾਸ ਪ੍ਰਤੀ ਰੁਚੀ ਅਤੇ ਪੜ੍ਹਨ ਦੀ ਆਦਤ ਨੂੰ ਹੋਰ ਉਤਸ਼ਾਹ ਮਿਲੇ।

ਗਿਆਨੀ ਕਰਮ ਸਿੰਘ ਭੰਡਾਰੀ ਵੱਲੋਂ ਤਿਆਰ ਕੀਤੇ 15 ਪੰਨਿਆਂ ਦੇ ਇਸ ਵਿਸਥਾਰਪੂਰਵਕ ਲੇਖ ਵਿੱਚ ਇਹ ਵੀ ਬਹੁਤ ਹੀ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਕਦੋਂ, ਕਿਉਂ ਅਤੇ ਕਿਵੇਂ ਸੰਕਲਿਤ ਕੀਤਾ। ਇਸ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ, ਸਰਬ-ਸਾਂਝੀਵਾਲਤਾ ਅਤੇ ਮਾਨਵਤਾ ਨੂੰ ਦਿੱਤੇ ਸੰਦੇਸ਼ ਬਾਰੇ ਵੀ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰਨਾਲਾ ਵਿਖੇ ਅਵਤਾਰ ਸਿੰਘ ਰਾਏਸਰ, ਸ੍ਰੀ ਰਜਿੰਦਰ ਸਿੰਘ ਦਰਾਕਾ, ਮੈਨੇਜਰ ਗੁਰਦੀਪ ਸਿੰਘ ਛੀਨੀਵਾਲ ਅਤੇ ਕਾਲਾ ਸਿੰਘ ਨੇ ਗਿਆਨੀ ਕਰਮ ਸਿੰਘ ਭੰਡਾਰੀ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਧਾਰਮਿਕ, ਸਾਹਿਤਕ ਅਤੇ ਸਮਾਜਿਕ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਬੁਲਾਰਿਆਂ ਨੇ ਆਸ ਪ੍ਰਗਟਾਈ ਕਿ ਗਿਆਨੀ ਕਰਮ ਸਿੰਘ ਭੰਡਾਰੀ ਭਵਿੱਖ ਵਿੱਚ ਵੀ ਆਪਣੀ ਕਲਮ ਰਾਹੀਂ ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਅਮੁੱਲੇ ਖ਼ਜ਼ਾਨੇ ਨੂੰ ਲੋਕਾਂ ਤੱਕ ਪਹੁੰਚਾਉਂਦੇ ਰਹਿਣਗੇ।

# 17ਵੇਂ ਅੰਤਰਾਸ਼ਟਰੀ "ਮੇਰਾ ਰੁੱਖ ਦਿਵਸ" ਜਿਲਾ ਸਤਰੀ ਸਮਾਗਮ ਉਸਮਾਨਪੁਰ ਸਕੂਲ ਵਿੱਚ ਮਨਾਇਆ ਗਿਆ

## ਯੂਥ ਸਿਟੀਜ਼ਨ ਕੌਂਸਲ ਨੇ ਕਾਰਗਿਲ ਵਿਜੇ ਦਿਵਸ ਮੌਕੇ ਸ਼ਹੀਦ ਫੌਜੀਆਂ ਨੂੰ ਕੀਤਾ ਪ੍ਰਣਾਮ

**ਨਵਾਂਸ਼ਹਿਰ, 27 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ** ) ਉਸਮਾਨਪੁਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ 17ਵੇਂ ਅੰਤਰਾਸ਼ਟਰੀ "ਮੇਰਾ ਰੁੱਖ ਦਿਵਸ" ਨੂੰ ਸਮਰਪਿਤ ਜਿਲਾ ਸਤਰੀ ਸਮਾਗਮ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੌਧੇ ਲਗਾਏ ਗਏ। ਸਮਾਗਮ ਵਿੱਚ "ਮੇਰਾ ਰੁੱਖ ਦਿਵਸ" ਦੇ ਸੰਸਥਾਪਕ *ਅਸ਼ਵਨੀ ਜੋਸ਼ੀ* ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

*ਮੁੱਖ ਮਹਿਮਾਨ ਸੀਨੀਅਰ ਡਿਵੀਜ਼ਨ ਮੈਜਿਸਟ੍ਰੇਟ ਅਨੰਮਜੋਤ ਕੌਰ* ਨੇ ਰਸਮੀ ਤੌਰ ਤੇ ਪੌਧਾ ਲਗਾ ਕੇ ਸੰਬੋਧਨ ਕਰਦੇ ਹੋਏ ਕਿਹਾ ਕਿ ਹਰ ਵਿਅਕਤੀ ਨੂੰ ਰੁੱਖਾਂ ਨਾਲ ਭਾਵੁਕ ਰਿਸ਼ਤਾ ਕਾਇਮ ਕਰਨਾ ਚਾਹੀਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਹਰ ਬੱਚਾ ਆਪਣਾ-ਆਪਣਾ ਪੌਧਾ ਲਗਾ ਕੇ ਉਸਨੂੰ ਪਾਲ-ਪੋਸ਼ ਕੇ "ਮਿੱਤਰ ਰੁੱਖ" ਦੇ ਰੂਪ ਵਿੱਚ ਵੱਡਾ ਕਰੇ। *ਜਿਲਾ ਐਜੂਕੇਸ਼ਨ ਅਧਿਕਾਰੀ ਲਖਬੀਰ ਸਿੰਘ* ਨੇ ਗੋ ਗਰੀਨ ਇੰਟਰਨੈਸ਼ਨਲ ਆਰਗਨਾਈਜੇਸ਼ਨ ਵੱਲੋਂ ਪਿਛਲੇ 16 ਸਾਲਾਂ ਤੋਂ ਚਲਾਏ ਜਾ ਰਹੇ ਗਰੀਨ ਅੰਦੋਲਨ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਡੇ ਜਿਲੇ ਦੇ ਹੀ ਅਸ਼ਵਨੀ ਜੋਸ਼ੀ ਦੀ ਸੋਚ ਸਦਕਾ ਅੱਜ ਹਰ ਪਾਸੇ "ਮੇਰਾ ਰੁੱਖ ਦਿਵਸ" ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ।



ਸਕੂਲ ਦੀ *ਪ੍ਰਿੰਸੀਪਲ ਸੁਖਜੀਤ ਕੌਰ* ਨੇ ਬੱਚਿਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਉਹ ਇੱਕ-ਇੱਕ ਰੁੱਖ ਆਪਣੇ ਪਰਿਵਾਰ ਸਮੇਤ ਲਗਾ ਕੇ ਉਸਦੀ ਸਾਂਭ-ਸੰਭਾਲ ਕਰਨ। ਇਸ ਮੌਕੇ ਪੰਚਾਇਤ ਮੈਂਬਰ, ਜੰਗਲਾਤ ਵਿਭਾਗ ਦੇ ਕਰਮਚਾਰੀ ਅਤੇ ਹੋਰ ਪਤਵੰਤੇ ਹਾਜ਼ਰ ਸਨ। ਸਮਾਗਮ ਦੌਰਾਨ *ਡਿਪਟੀ ਡੀ ਈ ਓ ਲਖਵੀਰ ਸਿੰਘ, ਪ੍ਰਿੰਸੀਪਲ ਸੁਖਜੀਤ ਕੌਰ, ਸਤਿੰਦਰ ਕੌਰ, ਜੰਗਲਾਤ ਬਲਾਕ ਅਫ਼ਸਰ ਅਭਿਸ਼ੇਕ ਸ਼ਰਮਾ, ਨੰਦਿਤਾ ਬਹਿਲ, ਸਰਵਜੀਤ ਕੌਰ, ਯੋਧਪਾਲ, ਪੂਜਾ ਸ਼ਰਮਾ, ਕੁਮਾਰੀ ਜੋਤੀ, ਤਜਿੰਦਰ ਸਿੰਘ, ਜਸਵੀਰ ਸਿੰਘ, ਮੀਨੂ ਜੋਸ਼ੀ, ਨਵਦੀਪ ਕੌਰ, ਹਰਜਿੰਦਰ ਸਿੰਘ, ਮਨਦੀਪ ਕੌਰ, ਅਜਾਇਬ ਸਿੰਘ, ਮਨਜੀਤ ਸਿੰਘ, ਹਰਵਿੰਦਰ ਸਿੰਘ, ਮਦਨ ਲਾਲ, ਤਰਸੇਮ ਸਿੰਘ, ਹਰਜਿੰਦਰ ਸਿੰਘ* ਅਤੇ ਹੋਰਨਾਂ ਵੱਲੋਂ ਪੌਧੇ ਲਗਾਏ ਗਏ। ਸਮੁੱਚੇ ਸਮਾਗਮ ਦਾ ਮਾਹੌਲ ਵਾਤਾਵਰਨ ਪ੍ਰਤੀ ਜਾਗਰੂਕਤਾ ਨਾਲ ਭਰਪੂਰ ਰਿਹਾ।

# ਪਿੰਡ ਚਾਹਲਾਂ ਵਿਖੇ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦੇ ਹੱਲ ਲਈ ਅਹਿਮ ਮੀਟਿੰਗ; ਇਸ ਪਾਣੀ ਦੀ ਨਿਕਾਸੀ ਲਈ ਪਾਏ ਜਾਣਗੇ ਸੀਵਰੇਜ ਪਾਈਪ

**ਬਲਾਚੌਰ, 27 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਕਾਠਗੜ੍ਹ ਮੋੜ ਤੋਂ ਸਿੰਘ ਪੁਰ ਨੂੰ ਜਾਂਦੀ 18 ਫੁੱਟੀ ਸੜਕ ਤੇ ਪਿੰਡ ਚਾਹਲਾਂ ਦੇ ਸ਼ਿਵਜੀ ਮੰਦਰ ਨੇੜੇ ਜਿੱਥੇ ਸੁੱਧਾਮਾਜਰਾ ਤੋਂ ਪਿੰਡ ਚਾਹਲਾਂ ਤੱਕ ਬਣਾਈ ਜਾ ਰਹੀ ਨਵੀਂ ਸੜਕ ਕਾਠਗੜ੍ਹ ਮੋੜ ਤੋਂ ਸਿੰਘ ਪੁਰ ਸੜਕ ਜਿੱਥੇ ਜਾ ਕੇ ਮਿਲਦੀ ਹੈ ਉੱਥੇ ਸੜਕ ਤੇ ਬੇਸ਼ੁਮਾਰ ਖੜ੍ਹਾ ਗੰਦਾ ਅਤੇ ਬਰਸਾਤੀ ਪਾਣੀ ਇੱਥੋਂ ਰੋਜ਼ਾਨਾ ਲੱਗਣ ਵਾਲੇ ਲੋਕਾਂ ਲਈ ਵੱਡੀ ਸਿਰ ਦਰਦੀ ਬਣ ਗਿਆ ਜੇ ਕਰ ਇਸ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਨਾਂ ਲਿਆ ਗਿਆ ਤਾਂ ਆਉਦੇ ਸਮੇਂ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਰੂਪ ਧਾਰਨ ਕਰ ਜਾਵੇਗੀ ਲੋਕਾਂ ਦੀ ਇਸ ਤਕਲੀਫ ਨੂੰ ਦੇ ਪੱਕੇ ਹੱਲ ਲਈ ਇੱਕ ਅਹਿਮ ਮੀਟਿੰਗ ਕੀਤੀ ਗਈ । ਇਸ ਮੀਟਿੰਗ ਦੌਰਾਨ ਪਿੰਡਾਂ ਵਿੱਚੋਂ ਗੰਦੇ ਪਾਣੀ ਦੇ ਨਿਪਟਾਰੇ ਅਤੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਜੋ ਆਮ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਨਿਜਾਤ ਦਿਵਾਈ ਜਾ ਸਕੇ।



ਮੀਟਿੰਗ ਵਿੱਚ ਸਾਬਕਾ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਮੰਡੀ ਬੋਰਡ ਦੇ ਐੱਸ.ਡੀ.ਓ. ਜਗਜੀਤ ਸਿੰਘ ਰਾਣਾ, ਪੀ.ਡਬਲਯੂ.ਡੀ. ਦੇ ਜੇ.ਈ. ਅਕਸ਼ੈ ਚੌਧਰੀ ਅਤੇ ਜੇ.ਈ. ਨੀਰਜ ਸੈਣੀ ਨੇ ਵਿਸ਼ੇਸ਼ ਤੌਰ 'ਤੇ ਪਹੁੰਚੇ । ਇਸ ਮੌਕੇ ਪਿੰਡ ਚਾਹਲਾਂ ਦੇ ਸਰਪੰਚ, ਪੰਚਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਅਧਿਕਾਰੀਆਂ ਨਾਲ ਮਿਲ ਕੇ ਖੇਤਰ ਦੀਆਂ ਮੁੱਖ ਸਮੱਸਿਆਵਾਂ 'ਤੇ ਚਰਚਾ ਕੀਤੀ।

ਵਿਚਾਰ-ਚਰਚਾ ਦੌਰਾਨ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਿੰਡਾਂ ਵਿੱਚ ਗੰਦੇ ਪਾਣੀ ਦੀ ਸਹੀ ਨਿਕਾਸੀ ਯਕੀਨੀ ਬਣਾਉਣ ਲਈ ਨਵੇਂ ਸੀਵਰੇਜ ਪਾਈਪ ਪਾਏ ਜਾਣਗੇ ਤਾਂ ਕੇ ਲੋਕਾਂ ਨੂੰ ਸੜਕ ਤੇ ਆਉਣ ਜਾਣ ਲਈ ਕੋਈ ਵੀ ਸਮੱਸਿਆ ਪੇਸ਼ ਨਾ ਆਵੇ । ਇਸ ਮੌਕੇ ਮੌਜੂਦ ਸਰਪੰਚ ਹਰਮਿੰਦਰ ਸਿੰਘ, ਸਰਪੰਚ ਕੁਲਵੰਤ ਸਿੰਘ ਅਤੇ ਹੋਰਨਾਂ ਪੰਚਾਇਤ ਮੈਂਬਰਾਂ ਨੇ ਅਧਿਕਾਰੀਆਂ ਅੱਗੇ ਆਪਣੇ ਇਲਾਕੇ ਦੇ ਮਸਲੇ ਰੱਖੇ। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸਾਰੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਭਰੋਸਾ ਦਿਵਾਇਆ ਕਿ ਗੰਦੇ ਪਾਣੀ ਦੀ ਨਿਕਾਸੀ ਦੇ ਇਸ ਅਹਿਮ ਪ੍ਰੋਜੈਕਟ ਨੂੰ ਜਲਦੀ ਤੋਂ ਜਲਦੀ ਅਮਲੀ ਜਾਮਾ ਪਹਿਨਾਇਆ ਜਾਵੇਗਾ ਤਾਂ ਜੋ ਵਸਨੀਕਾਂ ਨੂੰ ਰਾਹਤ ਮਿਲ ਸਕੇ।

**ਤਸਵੀਰ ਹਰਸਿਮਰਨ ਜੋਤ ਸਿੰਘ ਕਲੇਰ**

# ਲੰਡਨ 'ਚ ਭਾਰਤੀ ਵਿਦਿਆਰਥੀਆਂ ਦੇ ਹੱਕ 'ਚ ਹਜ਼ਾਰਾਂ ਦਾ ਵਿਸ਼ਾਲ ਮਾਰਚ

**● ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਬਿਹਾਰ 'ਚ ਪੁਲਿਸ ਕਾਰਵਾਈ ਦੀ ਸਖ਼ਤ ਨਿੰਦਾ ● ਸਿੱਖਿਆ ਸੁਧਾਰਾਂ ਅਤੇ ਲੋਕਤੰਤਰੀ ਹੱਕਾਂ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ**

**ਲੰਡਨ, 27 ਜੁਲਾਈ (ਸੁਖਜਿੰਦਰ ਸਿੰਘ ਢੱਡੇ** )- ਭਾਰਤ ਦੇ ਵਿਦਿਆਰਥੀ ਅੰਦੋਲਨ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਐਤਵਾਰ ਨੂੰ ਲੰਡਨ ਦੇ ਟਰਾਫ਼ਲਗਰ ਸਕੁਆਇਰ ਵਿਖੇ ਹਜ਼ਾਰਾਂ ਲੋਕਾਂ ਦਾ ਵਿਸ਼ਾਲ ਇਕੱਠ ਹੋਇਆ, ਜਿੱਥੋਂ ਭਾਰਤੀ ਹਾਈ ਕਮਿਸ਼ਨ ਤੱਕ ਸ਼ਾਂਤਮਈ ਮਾਰਚ ਕੱਢਿਆ ਗਿਆ। ਸਾਊਥ ਏਸ਼ੀਆ ਸੋਲਿਡੈਰਿਟੀ ਗਰੁੱਪ ਵੱਲੋਂ ਕਰਵਾਏ ਗਏ 'ਲੰਡਨ ਡੇ ਆਫ਼ ਐਕਸ਼ਨ' ਵਿੱਚ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ), ਯੂਕੇ ਇੰਡੀਅਨ ਮੁਸਲਿਮ ਕੌਂਸਲ, ਹਿੰਦੂਜ਼ ਫਾਰ ਹਿਊਮਨ ਰਾਈਟਸ ਯੂਕੇ, ਸਟਰਾਈਵ ਯੂਕੇ, ਸਵਾਗਥਮ ਸਮੇਤ ਕਈ ਸਮਾਜਿਕ, ਵਿਦਿਆਰਥੀ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਭਾਰਤ ਦੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨੂੰ ਵਿਦਿਆਰਥੀਆਂ ਦੇ ਸੰਘਰਸ਼ ਦੀ ਇਤਿਹਾਸਕ ਜਿੱਤ ਕਰਾਰ ਦਿੰਦਿਆਂ ਸਿੱਖਿਆ ਪ੍ਰਣਾਲੀ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਤੰਤਰੀ ਹੱਕਾਂ ਦੀ ਰੱਖਿਆ ਲਈ ਸੰਘਰਸ਼ ਜਾਰੀ ਰੱਖਣ ਦਾ ਅਹਿਦ ਦੁਹਰਾਇਆ। ਟਰਾਫ਼ਲਗਰ ਸਕੁਆਇਰ ਵਿਖੇ ਹੋਈ ਜਨ ਸਭਾ ਤੋਂ ਬਾਅਦ ਭਾਰਤੀ ਹਾਈ ਕਮਿਸ਼ਨ ਸਾਹਮਣੇ ਹੋਈ ਰੈਲੀ ਨੂੰ ਸਾਊਥ ਏਸ਼ੀਆ ਸੋਲਿਡੈਰਿਟੀ ਗਰੁੱਪ ਦੀ ਕਲਪਨਾ ਵਿਲਸਨ, ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਸੀਤਲ ਸਿੰਘ ਗਿੱਲ, ਸਲਵਿੰਦਰ ਸਿੰਘ ਢਿੱਲੋਂ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਭਾਰਤ ਦੇ ਵਿਦਿਆਰਥੀਆਂ ਨੇ ਆਪਣੀ ਏਕਤਾ ਅਤੇ ਸ਼ਾਂਤਮਈ ਸੰਘਰਸ਼ ਨਾਲ ਇਤਿਹਾਸਕ ਜਿੱਤ ਹਾਸਲ ਕੀਤੀ ਹੈ ਅਤੇ ਇਹ ਲੋਕਤੰਤਰ ਦੀ ਜਿੱਤ ਹੈ। ਉਨ੍ਹਾਂ ਬਿਹਾਰ ਵਿੱਚ ਵਿਦਿਆਰਥੀਆਂ ਅਤੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਹੋਏ ਲਾਠੀਚਾਰਜ, ਅੱਥਰੂ ਗੈਸ ਅਤੇ ਪੁਲਿਸ ਗੋਲੀਬਾਰੀ ਦੀਆਂ ਰਿਪੋਰਟਾਂ ਦੀ ਸਖ਼ਤ ਨਿੰਦਾ ਕਰਦਿਆਂ ਸੁਤੰਤਰ ਨਿਆਂਇਕ ਜਾਂਚ ਦੀ ਮੰਗ ਕੀਤੀ ਅਤੇ ਕਿਹਾ ਕਿ ਜੇਕਰ ਗੈਰ-ਕਾਨੂੰਨੀ ਤਾਕਤ ਦੀ ਵਰਤੋਂ ਹੋਈ ਹੈ ਤਾਂ ਜ਼ਿੰਮੇਵਾਰਾਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇੱਕ ਅਸਤੀਫ਼ਾ ਕਾਫ਼ੀ ਨਹੀਂ, ਸਗੋਂ ਸਿੱਖਿਆ ਸੁਧਾਰ, ਜਵਾਬਦੇਹੀ, ਲੋਕਤੰਤਰੀ ਹੱਕਾਂ ਦੀ ਰੱਖਿਆ ਅਤੇ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਪੂਰੀਆਂ ਹੋਣ ਤੱਕ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿਦਿਆਰਥੀਆਂ ਦੇ ਨਾਲ ਡਟ ਕੇ ਖੜ੍ਹੀ ਰਹੇਗੀ। ਸਮਾਗਮ ਦੇ ਅੰਤ ਵਿੱਚ ਵੱਖ-ਵੱਖ ਜਥੇਬੰਦੀਆਂ ਨੇ ਲੋਕਤੰਤਰ, ਸਮਾਜਿਕ ਨਿਆਂ, ਮਨੁੱਖੀ ਅਧਿਕਾਰਾਂ ਅਤੇ ਅੰਤਰਰਾਸ਼ਟਰੀ ਏਕਤਾ ਲਈ ਸਾਂਝੇ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਦਾ ਅਹਿਦ ਪ੍ਰਗਟਾਇਆ।



# ਇਹ ਮਾਨਸ ਨਾਓਂ ਦਾ ਜੀਵ



ਨਿੱਤ ਹੀ ਸੁਬਾ ਦੁਪਹਿਰੇ ਸ਼ਾਮ ਨੂੰ ,
ਮਰਦਾ ਹੈ ਬੰਦਾ ।
ਤਾਂ ਵੀ ਕਿੱਡੇ ਕਿੱਡੇ ਦਾਈਏ ,
ਕਰਦਾ ਹੈ ਬੰਦਾ ।
ਜੋ ਕੁੱਝ ਵੀ ਪ੍ਰਾਪਤ ਕਰ ਲਿਆ ਏ ,
ਉਹਨੂੰ ਮਾਣਦਾ 'ਨੀਂ ;
ਹੋਰ ਹੋਰ ਲਈ ਰਹਿੰਦਾ ਹਾਉਂਕੇ ,
ਭਰਦਾ ਹੈ ਬੰਦਾ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
99148366037

## ਕਰਜ਼ਾ -ਕਰਜ਼ਾ

ਆਮਦਨ ਵਾਲੀ ਸੋਚ ਨਾ ਕੋਈ,
ਬਿਨ ਸੋਚੇ ਹੀ ਲੈ ਰਹੇ ਕਰਜ਼ਾ ।
ਵਿਆਜ਼ ਮੋੜਨਾ ਹੋਇਆ ਔਖਾ,
ਹੋ ਰਿਹਾ ਹੈ ,ਪੰਜਾਬ ਦਾ ਹਰਜਾਝ
ਇੱਕ ਨੰਬਰ 'ਤੇ, ਕਦੇ ਸੀ ਹੁੰਦਾ,
ਹੇਠਾਂ ਨੂੰ ਹੁਣ,ਆ ਗਿਆ ਦਰਜਾ।
ਕੰਮ ਵਾਲੇ ਨਾ, ਕਰਨ ਵਸੀਲੇ,
ਵਿਹਲੀ ਇੱਥੇ,ਫਿਰਦੀ ਪਰਜਾ ।
ਮੁਫ਼ਤ ਸਕੀਮਾਂ, ਪੈਸੇ ਵੰਡ ਕੇ,
ਵੋਟਾਂ ਨੂੰ ਹਨ,ਦੇ ਰਹੇ ਜਰਬਾਂ ।
ਹਰ ਪਾਸੇ,ਹੁਣ ਪੈਂਦੀਆਂ ਕੰਨੀ,
ਮੁਰਦਾਬਾਦ,ਵਾਲੀਆਂ ਤਰਜ਼ਾਂ ।
ਏ ਕੁਰਸੀ ਵਾਲੀ,ਲੋਰ ਹੀ ਐਸੀ ,
ਭੁਲਾ ਦੇਵੇ,ਇਹ ਸਾਰੀਆਂ ਫਰਜ਼ਾਂ।
ਜਸਵੀਰ ਮੋਰੋਂ ਨੇ,ਸੱਚੀਆਂ ਗੱਲਾਂ ,
ਜੇ ਝੂਠ ਹੋਵੇ, ਫੇਰ ਤੈਨੂੰ ਵਰਜਾ ।



**ਜਸਵੀਰ ਮੋਰੋਂ**

## ਕਵਿਤਾ


ਬਿਨ ਬੁਲਾਏ ਕਿਸੇ ਦੇ ਮਹਿਮਾਨ ਨਹੀਂ ਬਣੀਦਾ,
ਘਰ ਆਏ ਮਹਿਮਾਨ ਨੂੰ ਰੱਬ ਸਮਾਨ ਜਣੀਦਾ ।
ਉਹਦੇ ਹਿੱਸੇ ਦਾ... ਛਕਾ ਕੇ ਧੰਨਬਾਦ ਕਰੀਦਾ,
ਬਿਨ ਬੁਲਾਏ ਕਿਸੇ ਦੇ.....
ਹੱਕ ਕਿਸੇ ਦਾ ਮਾਰ ਕੇ ਮਨ ਖੁਸ਼ ਨਹੀਂ ਕਰੀਦਾ,
ਕਰਮ ਫੱਲ ਲਈ.. ਹਮੇਸ਼ਾ ਤਿਆਰ ਰਹੀਦਾ।
ਬਿਨ ਬੁਲਾਏ.....
ਸਿਆਣੇ ਕਰਦੇ ਹੋਣ ਗੱਲ.. ਧਿਆਨ ਨਾਲ ਸੁਣੀਦਾ,
ਸਿਆਣਿਆਂ ਦੀ ਗੱਲ ਵਿੱਚ ਕਦੇ ਨਹੀਂ ਬੋਲੀਦਾ।
ਜ਼ਿੰਦਗੀ ਦੇ ਤਜ਼ਰਬੇ ਦਾ ਲਾਹਾ ਤੱਕ ਲਈਦਾ।
ਬਿਨ ਬੁਲਾਏ ਕਿਸੇ.....
ਪਰਖੇ ਹੋਏ ਨੂੰ ਦੁਬਾਰਾ ਪਰਖਣ ਦੀ ਗੱਲਤੀ ਨਹੀਂ ਕਰੀਦਾ ,
ਔਖੇ ਵੇਲੇ ਸਾਥ ਦੇਣ ਵਾਲੇ ਨੂੰ ਨਹੀਂ ਭੁੱਲੀਦਾ।
ਕਰਜ਼ ਤੇ ਮਰਜ਼ ਨੂੰ.....ਕਦੇ ਛੋਟਾ ਨਹੀਂ ਗਿਣੀਦਾ,
ਇਜ਼ਤ ਕਰਨ ਵਾਲੇ ਨੂੰ ਕਦੇ ਛੋਟਾ ਨਹੀਂ ਮਨੀਦਾ।
ਬਿਨ ਬੁਲਾਏ ਕਿਸੇ ਦੇ...
ਮਿੱਤਰ ਅਤੇ ਛਿੱਤਰ...ਸੋਚ ਸਮਝ ਕੇ ਚੁਣੀਦਾ।
ਲੜਕੀਆਂ ਵਾਲੇ ਘਰ ਕਦੇ ਬੇਵਕਤ ਨਹੀਂ ਬੜੀਦਾ,
ਬਿਨ ਬੁਲਾਏ ਕਿਸੇ ਦੇ ਸਲਾਹੂ ਨਹੀਂ ਬਣੀਦਾ।
ਬਿਨ ਬੁਲਾਏ ਕਿਸੇ ਦੇ...
ਆਪਣੇ ਘਰ ਦੀ ਗੱਲ ਕਿਸੇ ਨਾਲ ਨਹੀਂ ਕਰੀਦਾ,
ਕਮਜ਼ੋਰੀ ਤੇ ਖੁਸ਼ੀ ਹਰ ਨਾਲ ਸਾਂਝੀ ਨਹੀਂ ਕਰੀਦਾ ।
ਦੁੱਖ ਵੇਲੇ ਰੌਲਾ ਪਾਉਣ ਤੋਂ ਗੁਰੇਜ਼ ਨਹੀਂ ਕਰੀਦਾ ।
ਬਿਨ ਬੁਲਾਏ ਕਿਸੇ ਦੇ ਮਹਿਮਾਨ....
ਹਰੀ *.. ਕਰੇ ਸੱਚੀਆਂ ਗੱਲਾਂ.. ਪਰਖ.. ਅਮਲ ਕਰੀਦਾ,
ਆਪਣੇ ਸੁੱਖ ਨਾਲ ਕਿਸੇ ਨੂੰ....ਦੁੱਖੀ ਨਹੀਂ ਕਰੀਦਾ।
ਖੁਸ਼ੀ ਕਿਸੇ ਦੀ... ਰੱਬ ਦੀ ਦਾਤ ਦਾ ਅਨੰਦ ਮਣੀਦਾ,
ਬਿਨ ਬੁਲਾਏ ਕਿਸੇ ਦੇ ਮਹਿਮਾਨ ਨਹੀਂ ਬਣੀਦਾ।




**ਹਰੀ ਕ੍ਰਿਸ਼ਨ ਬੰਗਾ**
**ਜਨਰਲ ਸੈਕਟਰੀ**
**ਆਦਰਸ਼ ਸੋਸ਼ਿਲ ਵੈਲਫ਼ੇਅਰ ਸੋਸਾਇਟੀ ਪੰਜਾਬ ਰਜਿ.**

## ਜੇਕਰ

ਜੇਕਰ ਤੂੰ ਹੈ ਇਨਸਾਨ
ਆਪਣਾ ਫਰਜ ਪਛਾਣ।
ਜੇਕਰ ਤੂੰ ਹੈ ਇਨਸਾਨ
ਵਧਾ ਦੂਜਿਆਂ ਦਾ ਮਾਣ।
ਮਾਂ ਪਿਓ ਦੀ ਤੂੰ ਸੇਵਾ ਕਰ
ਵਾਹਿਗੁਰੂ ਤੋਂ ਸਦਾ ਤੂੰ ਡਰ।
ਦੁਖੀਆਂ ਦੀ ਤੂੰ ਸੇਵਾ ਕਰ
ਪੈਸੇ ਪੈਸੇ ਪਿੱਛੇ ਨਾ ਤੂੰ ਮਰ।
ਸੱਚ ਦਾ ਤੂੰ ਬਣ ਰਖਵਾਲਾ
ਬੁਰਾਈ ਨਾਲ ਨਾ ਪਵੇ ਤੇਰਾ ਪਾਲਾ।
ਮਨ ਵਿੱਚ ਤੂੰ ਕਰ ਉਜਾਲਾ
ਲੋਕ ਕਹਿਣ ਇਹ ਬੰਦਾ ਹੈ ਨਿਰਾਲਾ।
ਕੋਈ ਕੰਮ ਕਰਨ ਤੋਂ ਪਹਿਲਾਂ ਤੂੰ
ਕਰ ਚੰਗੇ ਮਾੜੇ ਦਾ ਵਿਚਾਰ
ਕਿਤੇ ਹੋਣਾ ਨਾ ਪਵੇ ਫਿਰ ਸ਼ਰਮਸ਼ਾਰ।
ਦੁਸ਼ਮਣਾਂ ਨੂੰ ਤੂੰ ਲਲਕਾਰ
ਗਰੀਬਾਂ ਦਾ ਕਰਦੇ ਬੇੜਾ ਪਾਰ।
ਬਣ ਤੂੰ ਆਪਣੇ ਦੇਸ਼ ਦੀ ਸ਼ਾਨ
ਕਿਸੇ ਗੱਲ ਦਾ ਨਾ ਕਰ ਅਭਿਮਾਨ।
ਗਰੀਬਾਂ ਨੂੰ ਤੂੰ ਦਿੰਦਾ ਰਹੇ ਦਾਨ
ਪ੍ਰਭੂ ਨੇ ਤੈਨੂੰ ਦਿੱਤਾ ਹੈ ਇਹ ਵਰਦਾਨ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ ਹਰਿਆਣਾ**



# ਕਾਰ ਸਟ੍ਰੀਟ ਐਸੋਸੀਏਸ਼ਨ ਵੱਲੋਂ ਆਰ.ਟੀ.ਓ. ਲੁਧਿਆਣਾ ਨੂੰ ਸੌਂਪਿਆ ਮੰਗ ਪੱਤਰ

**ਲੁਧਿਆਣਾ 27 ਜੁਲਾਈ (ਕਰਨੈਲ ਸਿੰਘ ਐੱਮ. ਏ.)** ਕਾਰ ਸਟ੍ਰੀਟ ਐਸੋਸੀਏਸ਼ਨ ਲੁਧਿਆਣਾ ਵੱਲੋਂ ਜੋ ਪੁਰਾਣੀਆਂ ਕਾਰਾਂ ਦੇ ਕਾਰੋਬਾਰ ਨਾਲ ਜੁੜੇ ਹਨ ਉਹਨਾਂ ਵਪਾਰੀਆਂ ਨੇ ਵਾਹਨ/ਪਰਿਵਾਹਨ ਪੋਰਟਲ 'ਤੇ ਮਾਲਕੀਅਤ ਤਬਾਦਲੇ (ਆਰ.ਸੀ.ਟ੍ਰਾਂਸਫਰ) ਦੀ ਮੌਜੂਦਾ ਪ੍ਰਕਿਰਿਆ ਵਿੱਚ ਸੁਧਾਰ ਕਰਨ ਦੀ ਮੰਗ ਕੀਤੀ ਹੈ। ਆਰ.ਟੀ.ਓ. ਮਨਕੰਵਲ ਸਿੰਘ ਚਾਹਲ ਨੂੰ ਸੌਂਪੇ ਗਏ ਮੰਗ ਪੱਤਰ ਰਾਹੀਂ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਆਧਾਰ ਓਟੀਪੀ ਦੇ ਨਾਲ-ਨਾਲ ਰਜਿਸਟਰਡ ਮੋਬਾਈਲ ਨੰਬਰ 'ਤੇ ਓਟੀਪੀ ਰਾਹੀਂ ਵੀ ਪ੍ਰਮਾਣਿਕਤਾ ਦੀ ਸਹੂਲਤ ਦਿੱਤੀ ਜਾਵੇ, ਤਾਂ ਜੋ ਲੋਕਾਂ ਨੂੰ ਆ ਰਹੀਆਂ ਵਿਵਹਾਰਿਕ ਮੁਸ਼ਕਲਾਂ ਦਾ ਹੱਲ ਹੋ ਸਕੇ। ਕਾਰ ਡੀਲਰਾਂ ਦਾ ਕਹਿਣਾ ਹੈ ਕਿ ਕਈ ਵਾਰ ਵਾਹਨ ਮਾਲਕ ਦੇ ਆਧਾਰ ਨਾਲ ਜੁੜਿਆ ਮੋਬਾਈਲ ਨੰਬਰ ਬੰਦ ਹੋ ਜਾਂਦਾ ਹੈ ਜਾਂ ਉਪਲਬਧ ਨਹੀਂ ਹੁੰਦਾ, ਜਿਸ ਕਾਰਨ ਆਧਾਰ ਓਟੀਪੀ ਪ੍ਰਾਪਤ ਨਹੀਂ ਹੋ ਸਕਦਾ ਅਤੇ ਆਰ.ਸੀ. ਟ੍ਰਾਂਸਫਰ ਦੀ ਪ੍ਰਕਿਰਿਆ ਬੇਵਜ੍ਹਾ ਲੰਬੀ ਖਿੱਚ ਜਾਂਦੀ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਅਜਿਹੇ ਮਾਮਲਿਆਂ ਵਿੱਚ ਰਜਿਸਟਰਡ ਮੋਬਾਈਲ ਨੰਬਰ 'ਤੇ ਓਟੀਪੀ ਰਾਹੀਂ ਵਿਕਲਪਕ ਤਸਦੀਕ ਦੀ ਆਗਿਆ ਦਿੱਤੀ ਜਾਵੇ । ਡੀਲਰਾਂ ਨੇ ਇਹ ਵੀ



ਮੰਗ ਕੀਤੀ ਕਿ ਖਰੀਦਦਾਰ ਦੀ ਇਲੈਕਟ੍ਰਾਨਿਕ ਸਹਿਮਤੀ (ਈ-ਕਨਸੈਂਟ) ਦੀ ਵਿਵਸਥਾ ਲਾਗੂ ਕੀਤੀ ਜਾਵੇ, ਜਿਸ ਨਾਲ ਦੂਰ-ਦਰਾਜ਼ ਰਹਿੰਦੇ ਖਰੀਦਦਾਰਾਂ ਨੂੰ ਵੀ ਸਹੂਲਤ ਮਿਲ ਸਕੇ। ਬੈਂਕ ਨਿਲਾਮੀ, ਰੀਪੋਜ਼ੈੱਸਡ ਵਾਹਨਾਂ ਅਤੇ ਅਦਾਲਤੀ ਨਿਲਾਮੀਆਂ ਵਰਗੇ ਮਾਮਲਿਆਂ ਵਿੱਚ ਵੀ ਵਿਸ਼ੇਸ਼ ਪ੍ਰਬੰਧ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਐਨ.ਸੀ.ਆਰ.ਬੀ. ਵੈਰੀਫਿਕੇਸ਼ਨ, ਚੈਸੀ ਅਤੇ ਇੰਜਣ ਨੰਬਰ ਦੀ ਜਾਂਚ ਸਮੇਤ ਹੋਰ ਸੁਰੱਖਿਆ ਪ੍ਰਬੰਧ ਪਹਿਲਾਂ ਹੀ ਮੌਜੂਦ ਹਨ, ਇਸ ਲਈ ਮੋਬਾਈਲ ਓਟੀਪੀ ਦਾ ਵਿਕਲਪ ਦੇਣ ਨਾਲ ਸੁਰੱਖਿਆ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਦੇ ਨਾਲ ਹੀ ਮਾਲਕੀ ਤਬਾਦਲੇ ਦੀ ਪ੍ਰਕਿਰਿਆ 7 ਤੋਂ 10 ਦਿਨਾਂ ਅੰਦਰ ਪੂਰੀ ਕਰਨ ਅਤੇ ਸਾਰੀਆਂ ਆਨਲਾਈਨ ਸੇਵਾਵਾਂ ਲਈ ਸਮਾਂਬੱਧ ਪ੍ਰਣਾਲੀ ਲਾਗੂ ਕਰਨ ਦੀ ਵੀ ਮੰਗ ਕੀਤੀ ਗਈ। ਆਰ.ਟੀ.ਓ. ਲੁਧਿਆਣਾ ਮਨਕੰਵਲ ਸਿੰਘ ਚਾਹਲ ਨੇ ਕਾਰ ਡੀਲਰਾਂ ਦੀ ਗੱਲ ਨੂੰ ਬੜੇ ਹੀ ਧਿਆਨ ਨਾਲ ਸੁਣਦਿਆਂ ਹੋਇਆ ਅਸ਼ਵਾਸਨ ਦਿੱਤਾ ਕਿ ਉਹ ਉਹਨਾਂ ਦੀ ਇਸ ਸਮੱਸਿਆ ਨੂੰ ਉੱਚ ਅਧਿਕਾਰੀਆਂ ਤੱਕ ਜ਼ਰੂਰ ਪਹੁੰਚਾਣਗੇ। ਕਾਰ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਪੀਟਰ ਬੇਦੀ, ਸਰਬਜੀਤ ਸਿੰਘ (ਰਾਜੂ) ਖ਼ਜ਼ਾਨਚੀ, ਅਮਿਤ ਸ਼ਰਮਾ, ਰੋਹਿਤ ਸ਼ਰਮਾ, ਰਾਜੇਸ਼ ਖੁੱਲਰ, ਮਨੋਜ ਮੱਕੜ, ਭੁਪਿੰਦਰਜੀਤ ਸਿੰਘ, ਰਾਜੀਵ ਸ਼ਰਮਾ, ਰੂਬਲ, ਬੌਬੀ ਆਰਤੀ ਸਮੇਤ ਹੋਰ ਮੈਂਬਰਾਂ ਨੇ ਕਿਹਾ ਕਿ ਇਨ੍ਹਾਂ ਸੁਧਾਰਾਂ ਨਾਲ ਪਾਰਦਰਸ਼ਤਾ, ਸੁਰੱਖਿਆ ਅਤੇ ਕਾਰੋਬਾਰ ਕਰਨ ਦੀ ਸੌਖ ਵਿੱਚ ਵਾਧਾ ਹੋਵੇਗਾ ਅਤੇ ਆਮ ਲੋਕਾਂ ਨੂੰ ਵੀ ਵੱਡੀ ਰਾਹਤ ਮਿਲੇਗੀ।

# ਮੀਰੀ-ਪੀਰੀ ਖਾਲਸਾ ਮਾਰਚ ਦੌਰਾਨ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਦੇ ਗ੍ਰਹਿ ਵਿਖੇ ਕੀਤੀ ਵਿਸ਼ੇਸ਼ ਹਾਜ਼ਰੀ

## ● ਮਾਤਾ ਪਾਲ ਕੌਰ ਦੀ ਜਲਦ ਸਿਹਤਯਾਬੀ ਅਤੇ ਚੜ੍ਹਦੀ ਕਲਾ ਲਈ ਗੁਰੂ ਚਰਨਾਂ 'ਚ ਕੀਤੀ ਅਰਦਾਸ ● ਸੰਗਤ ਨੂੰ ਗੁਰੂ ਸਾਹਿਬ ਦੇ ਲੜ ਲੱਗ ਕੇ ਪੰਥਕ ਏਕਤਾ ਅਤੇ ਗੁਰਮਤਿ ਜੀਵਨ ਅਪਣਾਉਣ ਦਾ ਦਿੱਤਾ ਸੰਦੇਸ਼

**ਪੀਰ ਮੁਹੰਮਦ, 27 ਜੁਲਾਈ- ਸ੍ਰੀ** ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਏ 'ਮੀਰੀ-ਪੀਰੀ ਖਾਲਸਾ ਮਾਰਚ' ਦੇ ਪਿੰਡ ਪੀਰ ਮੁਹੰਮਦ ਪਹੁੰਚਣ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਨੇ ਸੀਨੀਅਰ ਸਿੱਖ ਆਗੂ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਦੇ ਗ੍ਰਹਿ ਵਿਖੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਦਿਆਂ ਪਰਿਵਾਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸਿੰਘ ਸਾਹਿਬ ਨੇ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਦੇ ਸਤਿਕਾਰਯੋਗ ਮਾਤਾ ਜੀ ਮਾਤਾ ਪਾਲ ਕੌਰ ਜੀ ਦੀ ਜਲਦ ਸਿਹਤਯਾਬੀ, ਲੰਮੀ ਉਮਰ ਅਤੇ ਚੜ੍ਹਦੀ ਕਲਾ ਲਈ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਅਪਾਰ ਕਿਰਪਾ ਅਤੇ ਸੰਗਤਾਂ ਦੀਆਂ ਅਰਦਾਸਾਂ ਸਦਕਾ ਉਹ ਜਲਦੀ ਪੂਰੀ ਤਰ੍ਹਾਂ ਤੰਦਰੁਸਤ ਹੋਣ ਅਤੇ ਪਰਿਵਾਰ ਨੂੰ ਸੇਵਾ ਨਿਭਾਉਣ ਦਾ ਬਲ ਪ੍ਰਾਪਤ ਹੋਵੇ। ਇਸ ਮੌਕੇ ਸੰਗਤ ਨੇ ਵੀ ਭਾਵੁਕ ਮਾਹੌਲ ਵਿੱਚ ਮਾਤਾ ਪਾਲ ਕੌਰ ਜੀ ਦੀ



ਚੰਗੀ ਸਿਹਤ ਲਈ ਅਰਦਾਸ ਵਿੱਚ ਸ਼ਮੂਲੀਅਤ ਕੀਤੀ। ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਰਿਵਾਰ ਨਾਲ ਦੁੱਖ-ਸੁੱਖ ਸਾਂਝਾ ਕਰਦਿਆਂ ਕਿਹਾ ਕਿ ਸਿੱਖ ਜੀਵਨ ਵਿੱਚ ਹਰ ਹਾਲਤ ਨੂੰ ਗੁਰੂ ਦੀ ਰਜ਼ਾ ਸਮਝ ਕੇ ਚੜ੍ਹਦੀ ਕਲਾ ਵਿੱਚ ਰਹਿਣਾ ਹੀ ਗੁਰਸਿੱਖੀ ਦੀ ਪਛਾਣ ਹੈ ਅਤੇ ਗੁਰੂ ਸਾਹਿਬ ਦਾ ਆਸਰਾ ਮਨੁੱਖ ਨੂੰ ਹਰ ਔਖੀ ਘੜੀ ਵਿੱਚ ਹੌਸਲਾ ਬਖ਼ਸ਼ਦਾ ਹੈ। ਉਨ੍ਹਾਂ ਸੰਗਤ ਨੂੰ ਗੁਰੂ ਘਰ ਨਾਲ ਜੁੜੇ ਰਹਿਣ, ਗੁਰਬਾਣੀ ਦਾ ਆਸਰਾ ਲੈਣ ਅਤੇ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਵੀ ਦਿੱਤਾ। ਇਸ ਤੋਂ ਪਹਿਲਾਂ ਪਿੰਡ ਪੀਰ ਮੁਹੰਮਦ ਪਹੁੰਚੇ 'ਮੀਰੀ-ਪੀਰੀ ਖਾਲਸਾ ਮਾਰਚ' ਦਾ ਇਲਾਕੇ ਦੀਆਂ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਮਾਰਚ ਵਿੱਚ ਸ਼ਮੂਲੀਅਤ ਕਰਦਿਆਂ ਜੈਕਾਰਿਆਂ ਨਾਲ ਮਾਹੌਲ ਨੂੰ ਗੁਰਮਈ ਰੰਗ ਵਿੱਚ ਰੰਗ ਦਿੱਤਾ। ਇਸ ਮੌਕੇ ਵੱਖ-ਵੱਖ ਪੰਥਕ ਸ਼ਖ਼ਸੀਅਤਾਂ, ਧਾਰਮਿਕ ਆਗੂਆਂ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੀ ਹਾਜ਼ਰੀ ਭਰ ਕੇ ਸਿੰਘ ਸਾਹਿਬ ਦਾ ਸਵਾਗਤ ਕੀਤਾ ਅਤੇ ਮੀਰੀ-ਪੀਰੀ ਦੇ ਸਿਧਾਂਤਾਂ ਅਨੁਸਾਰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਅਹਿਦ ਪ੍ਰਗਟਾਇਆ।

# ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫੇ ਤੋਂ ਬਾਅਦ ਜ਼ਿਲ੍ਹ ਕਾਂਗਰਸ ਨੇ ਹੁਸ਼ਿਆਰਪੁਰ ਵਿੱਚ ਨੌਜਵਾਨ ਯੋਧਿਆਂ ਦੇ ਸੰਘਰਸ਼ ਅਤੇ ਸ਼ਹਾਦਤ ਨੂੰ ਸਮਰਪਿਤ ਇੱਕ "ਸ਼ਰਧਾਂਜਲੀ ਮਾਰਚ" ਕੱਢਿਆ!

**ਹੁਸ਼ਿਆਰਪੁਰ, 27 ਜੁਲਾਈ (ਤਰਸੇਮ ਦੀਵਾਨਾ)** - ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿੱਲਜੀਆਂ ਦੀ ਅਗਵਾਈ ਵਿੱਚ ਮੋਦੀ ਸਰਕਾਰ ਦੀ ਸਾਜ਼ਿਸ਼ ਕਾਰਨ "ਨੀਟ ਪੇਪਰ ਘੁਟਾਲੇ" ਕਾਰਨ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਵੱਲੋਂ ਮੋਦੀ ਕੈਬਨਿਟ ਤੋਂ ਅਸਤੀਫਾ ਦੇਣ ਲਈ ਮਜਬੂਰ ਹੋਣ ਤੋਂ ਬਾਅਦ ਦੇਸ਼ ਦੇ ਨੌਜਵਾਨ ਯੋਧਿਆਂ ਦੇ ਸੰਘਰਸ਼ ਅਤੇ ਸ਼ਹਾਦਤ ਨੂੰ ਸਮਰਪਿਤ "ਸ਼ਰਧਾਂਜਲੀ ਮਾਰਚ" ਕੱਢਿਆ ਗਿਆ! ਇਸ ਮੌਕੇ ਗਿੱਲਜੀਆਂ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਮੋਦੀ ਸਰਕਾਰ ਖ਼ਿਲਾਫ਼ ਦੇਸ਼ ਦੇ ਨੌਜਵਾਨਾਂ ਨੇ ਲਗਾਤਾਰ ਸੰਘਰਸ਼ ਅਤੇ ਅੰਦੋਲਨ ਕੀਤਾ, ਕਿਉਂਕਿ ਮੋਦੀ ਸਰਕਾਰ ਦੀ ਸਾਜ਼ਿਸ਼ ਕਾਰਨ ਹੀ ਕਈ ਵਿਦਿਆਰਥੀਆਂ ਨੇ ਦੁਖੀ ਅਤੇ ਮਜਬੂਰ ਹੋ ਕੇ ਖੁਦਕੁਸ਼ੀ ਕੀਤੀ। ਇਸ ਨੀਟ ਘੁਟਾਲੇ ਤੋਂ ਬਾਅਦ ਦੇਸ਼ ਭਰ ਵਿੱਚ ਮੋਦੀ ਸਰਕਾਰ ਖ਼ਿਲਾਫ਼ ਭਾਰੀ ਗੁੱਸਾ ਹੈ ਕਿਉਂਕਿ ਹਜ਼ਾਰਾਂ ਬੱਚਿਆਂ ਦਾ ਭਵਿੱਖ ਇਸ ਘੁਟਾਲੇ ਕਾਰਨ ਖਤਰੇ ਵਿੱਚ ਆ ਗਿਆ ਹੈ।

ਇਸ ਮੌਕੇ ਪੰਜਾਬ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸੰਗਤ ਸਿੰਘ ਗਿੱਲਜੀਆਂ ਨੇ ਕਿਹਾ ਕਿ



ਜਿਨ੍ਹਾਂ ਵਿਦਿਆਰਥੀਆਂ ਨੇ ਦੇਸ਼ ਭਰ ਵਿੱਚ ਸੰਘਰਸ਼ ਦਾ ਬਿਗੁਲ ਵਜਾਇਆ, ਜਿਨ੍ਹਾਂ ਵਿਦਿਆਰਥੀਆਂ ਨੇ ਜੰਤਰ-ਮੰਤਰ 'ਤੇ ਮੋਦੀ ਸਰਕਾਰ ਦੇ ਜ਼ੁਲਮ ਸਹੇ ਅਤੇ ਜਿਨ੍ਹਾਂ ਨੇ ਜਾਨ ਗਵਾਈ, ਉਨ੍ਹਾਂ ਸਾਰਿਆਂ ਦੇ ਸੰਘਰਸ਼ ਕਾਰਨ ਹੀ ਇਸ ਹੰਕਾਰੀ ਅਤੇ ਤਾਨਾਸ਼ਾਹ ਮੋਦੀ ਸਰਕਾਰ ਦੇ ਮੰਤਰੀ ਧਰਮਿੰਦਰ ਪ੍ਰਧਾਨ ਨੇ ਅਸਤੀਫਾ ਦਿੱਤਾ ਹੈ। ਇਸ ਲਈ ਇਹ "ਸ਼ਰਧਾਂਜਲੀ ਮਾਰਚ" ਉਨ੍ਹਾਂ ਸਾਰੇ ਨੌਜਵਾਨ ਯੋਧਿਆਂ ਦੇ ਸੰਘਰਸ਼ ਅਤੇ ਸ਼ਹਾਦਤ ਨੂੰ ਸਮਰਪਿਤ ਹੈ। ਇਸ ਮੌਕੇ ਸਾਰਿਆਂ ਨੇ ਦੇਸ਼ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਜੀ ਵੱਲੋਂ ਇਸ ਸੰਘਰਸ਼ ਵਿੱਚ ਨਿਭਾਈ ਵਿਸ਼ੇਸ਼ ਭੂਮਿਕਾ ਲਈ ਖਾਸ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਮਾਰਚ ਕੱਢਦਿਆਂ ਸਾਰਿਆਂ ਨੇ ਮੋਦੀ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ। ਇਸ ਮੌਕੇ ਦਲਜੀਤ ਗਿੱਲਜੀਆਂ ਦੇ ਨਾਲ ਸੰਗਤ ਸਿੰਘ ਗਿੱਲਜੀਆਂ ਸਾਬਕਾ ਕੈਬਨਿਟ ਮੰਤਰੀ, ਪਵਨ ਆਦੀਆ ਸਾਬਕਾ ਵਿਧਾਇਕ, ਇੰਦੂ ਬਾਲਾ ਸਾਬਕਾ ਵਿਧਾਇਕ, ਅਮਰਪ੍ਰੀਤ ਲਾਲੀ, ਰੋਹਿਤ ਜੋਸ਼ੀ ਡੇਲੀਗੇਟ ਪੰਜਾਬ ਕਾਂਗਰਸ, ਯਾਮਨੀ ਗੋਮਰ, ਸੁੰਦਰ ਸ਼ਾਮ ਅਰੋੜਾ, ਅਮਰਪਾਲ ਕਾਕਾ ਸਰਾ, ਰਣਜੀਤ ਕੁਮਾਰ ਚੱਬੇਵਾਲ, ਰਜਨੀਸ਼ ਟੰਡਨ, ਅਸ਼ੋਕ ਸ਼ਰਮਾ, ਅਸ਼ਵਨੀ ਸ਼ਰਮਾ, ਪ੍ਰੀਤ ਕਲਸੀ, ਬਿੰਦੂ ਭੂਮਲਾ, ਗੁਰਦੀਪ ਕਟੋਚ, ਮੁਨੀਸ਼ ਚੱਢਾ, ਨੋਨੂੰ ਓਹਰੀ ਪ੍ਰਧਾਨ, ਨਵਾਬ ਪਹਿਲਵਾਨ, ਗੁਰਸੇਵਕ ਮਾਰਸ਼ਲ, ਗੋਲਡੀ ਕਲਿਆਣਪੁਰ, ਗੁਰਪ੍ਰੀਤ ਕੌਰ, ਅਮਰੀਕ ਚੌਹਾਨ ਅਤੇ ਹੋਰ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਮੌਜੂਦ ਸਨ।

# ਅੰਬੇਡਕਰ ਮਿਸ਼ਨ ਸੁਸਾਇਟੀ ਅਜੋਕੀ ਅਰਥ ਵਿਵਸਥਾ ਤੇ ਕਰਾਏਗੀ ਸੈਮੀਨਾਰ



ਮੀਟਿੰਗ ਤੋਂ ਬਾਅਦ ਪ੍ਰਧਾਨ ਪ੍ਰੋ. ਬਲਬੀਰ ਅਤੇ ਸੁਸਾਇਟੀ ਦੇ ਹੋਰ ਮੈਂਬਰ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ।

**ਜਲੰਧਰ (ਸਮਾਜ ਵੀਕਲੀ)**: ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰੋਫੈਸਰ ਬਲਬੀਰ ਜੀ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਵਿਖੇ ਹੋਈ। ਮੀਟਿੰਗ ਵਿੱਚ ਭਾਰਤ ਦੀ ਅਜੋਕੀ ਅਰਥ ਵਿਵਸਥਾ ਤੇ ਸੈਮੀਨਾਰ ਕਰਨ ਦਾ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ। ਇਸ ਸੈਮੀਨਾਰ ਵਿੱਚ ਉੱਚ ਕੋਟੀ ਦੇ ਅਰਥ ਸ਼ਾਸਤਰੀ ਭਾਗ ਲੈਣਗੇ। ਸੈਮੀਨਾਰ 9 ਅਗਸਤ (ਐਤਵਾਰ) ਨੂੰ ਸਵੇਰੇ 11:00 ਵਜੇ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਕੀਤਾ ਜਾਵੇਗਾ। ਸੂਝਵਾਨ ਲੋਕਾਂ ਨੂੰ ਹਾਜ਼ਰ ਹੋ ਕੇ ਇਸ ਸੈਮੀਨਾਰ ਦਾ ਲਾਭ ਲੈਣਾ ਚਾਹੀਦਾ ਹੈ। ਗਰੀਬੀ ਅਤੇ ਅਮੀਰੀ ਦਾ ਪਾੜਾ ਵੱਧਦਾ ਜਾ ਰਿਹਾ ਹੈ। ਮੌਜੂਦਾ ਕੇਂਦਰੀ ਸਰਕਾਰ ਦੇ ਰਾਜ ਵਿੱਚ 96 ਹਜਾਰ ਤੋਂ ਵੱਧ ਸਰਕਾਰੀ ਸਕੂਲ ਬੰਦ ਹੋ ਗਏ ਹਨ। ਸਿੱਖਿਆ ਅਤੇ ਸਿਹਤ ਮਹਿੰਗੇ ਹੋ ਰਹੇ ਹਨ, ਜੋ ਆਮ ਗਰੀਬ ਆਦਮੀ ਦੀ ਪਹੁੰਚ ਤੋਂ ਬਾਹਰ ਹਨ। ਸੁਸਾਇਟੀ ਨੇ ਜੰਤਰ ਮੰਤਰ ਦਿੱਲੀ ਵਿਖੇ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਰੋਸ਼ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਦਿੱਲੀ ਪੁਲਿਸ ਦੁਆਰਾ ਢਾਏ ਗਏ ਅੱਤਿਆਚਾਰਾਂ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਅਤੇ ਇਸ ਦੇ ਨਾਲ ਹੀ ਪੰਜਾਬ ਦੇ ਬਰਨਾਲਾ ਸ਼ਹਿਰ ਵਿਖੇ ਸ਼ਾਂਤਮਈ ਢੰਗ ਨਾਲ ਆਪਣੇ ਹੱਕਾਂ ਲਈ ਮੁਜ਼ਾਹਰਾ ਕਰ ਰਹੇ ਸਫਾਈ ਸੇਵਕਾਂ ਤੇ ਪੰਜਾਬ ਪੁਲਿਸ ਵੱਲੋਂ ਕੀਤੀ ਕੁੱਟਮਾਰ ਦੀ ਬੇਹੱਦ ਸ਼ਰਮਨਾਕ ਬਰਬਰਤਾ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਅੰਬੇਡਕਰ ਮਿਸ਼ਨ ਸੁਸਾਇਟੀ ਮੰਗ ਕਰਦੀ ਹੈ ਕਿ ਉਪਰੋਕਤ ਦੋਹਾਂ ਘਟਨਾਵਾਂ ਦੇ ਪੁਲਿਸ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਇਸ ਮੌਕੇ ਡਾ. ਜੀ ਸੀ ਕੌਲ, ਬਲਦੇਵ ਰਾਜ ਭਾਰਦਵਾਜ, ਪਰਮਿੰਦਰ ਸਿੰਘ ਖੁਤਣ, ਚਰਨ ਦਾਸ ਸੰਧੂ, ਮਲਕੀਤ ਸਿੰਘ, ਡਾ. ਮਹਿੰਦਰ ਸੰਧੂ, ਸੂਰਜ ਵਿਰਦੀ, ਤਿਲਕ ਰਾਜ, ਪਿਛੌਰੀ ਲਾਲ ਸੰਧੂ, ਜਗਦੀਸ਼ ਕੁਮਾਰ ਡਾਲੀਆ, ਕਮਲ ਕੁਮਾਰ, ਮਨਜੀਤ ਸਿੰਘ, ਜਸਵਿੰਦਰ ਵਰਿਆਣਾ, ਡਾ ਕੁਲਵੰਤ ਸਿੰਘ, ਓਮ ਪ੍ਰਕਾਸ਼ ਅਤੇ ਨਿਰਮਲ ਬਿੰਜੀ ਹਾਜਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ**
**(ਰਜਿ.) ਪੰਜਾਬ**

# ਸਰਕਾਰ ਦੋਸ਼ੀਆਂ ਨੂੰ ਸਜ਼ਾ ਅਤੇ ਸਫਾਈ ਕਰਮਚਾਰੀਆਂ ਨੂੰ ਇਨਸਾਫ ਦੇਵੇ : ਐਡਵੋਕੇਟ ਬਲਵਿੰਦਰ ਕੁਮਾਰ








**ਜਲੰਧਰ( ਚਰਨਜੀਤ ਸੱਲ੍ਹਾ )ਬਸਪਾ** ਵੱਲੋਂ ਪੰਜਾਬ ਦੇ ਸਾਰੇ ਜਿਲੇ ਦੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਮਾਨਯੋਗ ਗਵਰਨਰ ਸਾਹਿਬ ਦੇ ਨਾਂ ਤੇ ਮੈਮੋਰੰਡਮ ਭੇਜ ਕੇ ਸਫਾਈ ਕਰਮਚਾਰੀਆਂ ਦੇ ਉੱਪਰ ਹੋਏ ਜਬਰ ਜੁਲਮ ਦੇ ਦੋਸ਼ੀ ਅਧਿਕਾਰੀਆਂ ਦੇ ਲਈ ਸਜ਼ਾ ਦਾ ਪ੍ਰਬੰਧ ਕਰਨ ਅਤੇ ਉਹਨਾਂ ਦੀਆਂ ਮੰਗਾਂ ਤੁਰੰਤ ਮਨਵਾਉਣ ਦੇ ਲਈ ਜਖਮੀਆਂ ਦਾ ਇਲਾਜ ਮੁਫਤ ਅਤੇ ਮੁਆਵਜ਼ਾ ਦੇਣ ਲਈ ਅੱਜ ਜਲੰਧਰ ਵਿਖੇ ਧਰਨਾ ਪ੍ਰਦਰਸ਼ਨ ਕੀਤਾ ਗਿਆ।

ਸਰਕਾਰ ਦੋਸ਼ੀਆਂ ਨੂੰ ਸਜ਼ਾ ਦੇਵੇ ਅਤੇ ਸਫਾਈ ਕਰਮਚਾਰੀਆਂ ਦੀਆਂ ਤੁਰੰਤ ਮੰਗਾਂ ਨੂੰ ਮੰਨੇ, ਮੁਫਤ ਇਲਾਜ਼ ਅਤੇ ਮੁਆਵਜਾ ਦਿੱਤਾ ਜਾਵੇ,ਪੰਜਾਬ ਸੰਭਾਲੋ ਮੁਹਿਮ 100% ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਦਾ ਅਜੰਡਾ ਲੈ ਕੇ ਅੱਗੇ ਵਧ ਰਹੀ ਹੈ ।

ਇਸ ਮੌਕੇ ਬਸਪਾ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਸਮਰਥਕ ਹਾਜ਼ਰ ਸਨ। ਇਸ ਮੌਕੇ ਤੇ ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ, ਖੁਸ਼ੀ ਰਾਮ ਸਰਪੰਚ ਇਨਚਾਰਜ, ਵਿਜੇ ਯਾਦਵ, ਸੰਦੀਪ ਕੌਰ ਚੇਅਰਮੈਨ, ਅਨੀਤਾ ਪਾਲ ਬਲਾਕ ਸੰਮਤੀ ਮੈਂਬਰ, ਜਗਦੀਸ਼ ਸ਼ੇਰਪੁਰੀ ਜ਼ਿਲ੍ਹਾ ਪ੍ਰਧਾਨ, ਮਹਿੰਦਰ ਤੇਹਿੰਗ , ਕੁਲਵੀਰ ਰਾਮ ਅੱਟੀ ਅਤੇ ਹਿੰਮਤ ਲਾਲ ਅੱਟੀ ਜਿਨ੍ਹਾਂ ਨੇ ਤੁਰ ਕੇ ਹੀ ਅਪਣੇ ਪਿੰਡ ਤੋਂ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ।

# ਸੀ ਪੀ ਆਈ ਐਮ ਐਲ ਵੱਲੋਂ 28 ਜੁਲਾਈ ਨੂੰ ਕੀਤੀਆਂ ਜਾਣਗੀਆਂ ਬਾਬਾ ਬੂਝਾ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ



ਪਾਰਟੀ ਦੇ ਆਗੂ ਹਰਿ ਰਾਮ

**ਬੰਗਾ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵਲੋਂ ਪੰਜਾਬ ਅੰਦਰ ਨਕਸਲਬਾੜੀ ਲਹਿਰ ਦੇ ਮੋਢੀ ਆਗੂ, ਸੁਤੰਤਰਤਾ ਸੰਗਰਾਮੀਏ ਬਾਬਾ ਬੂਝਾ ਸਿੰਘ ਦੀ 56 ਵੀਂ ਬਰਸੀ ਮੌਕੇ 28 ਜੁਲਾਈ ਨੂੰ ਸਵੇਰੇ 10 ਵਜੇ ਪਿੰਡ ਚੱਕ ਮਾਈਦਾਸ ਵਿਖੇ ਉਹਨਾਂ ਦੀ ਯਾਦਗਾਰ ਉੱਤੇ ਝੰਡਾ ਲਹਿਰਾਕੇ ਸ਼ਰਧਾਂਜ਼ਲੀਆਂ ਭੇਂਟ ਕੀਤੀਆਂ ਜਾਣਗੀਆਂ। ਪਾਰਟੀ ਦੇ ਆਗੂ ਹਰਿ ਰਾਮ ਰਸੂਲ ਪੂਰੀ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਾਬਾ ਬੂਝਾ ਸਿੰਘ ਉਮਰ ਭਰ ਦੇ ਸੰਘਰਸ਼ਾਂ ਦਾ ਨਾਂਅ ਹੈ ਜਿਹਨਾਂ ਨੇ ਆਪਣੀ ਸਾਰੀ ਉਮਰ ਲੋਕਾਂ ਦੇ ਲੇਖੇ ਲਾ ਦਿੱਤੀ। ਉਹਨਾਂ ਦੱਸਿਆ ਕਿ ਬਾਬਾ ਬੂਝਾ ਸਿੰਘ ਨੂੰ ਪਾਰਟੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ਅਤੇ ਦਲਜੀਤ ਸਿੰਘ ਐਡਵੋਕੇਟ ਸ਼ਰਧਾਂਜਲੀਆਂ ਭੇਂਟ ਕਰਨਗੇ।

# ਸਿਹਤ ਸੇਵਾਵਾਂ ਦਾ ਲਾਭ ਆਖ਼ਰੀ ਕਤਾਰ ਵਿੱਚ ਖੜ੍ਹੇ ਵਿਅਕਤੀ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ: ਐੱਸ.ਐੱਮ.ਓ. ਡਾ ਸਤਿੰਦਰਜੀਤ ਕੌਰ

ਨਵਾਂਸ਼ਹਿਰ, 27 ਜੁਲਾਈ (ਮਨੋਰੰਜਨ ਕਾਲੀਆ): ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਿੰਦਰਜੀਤ ਕੌਰ ਦੀ ਯੋਗ ਅਗਵਾਈ ਹੇਠ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਵਿਖੇ ਸੋਮਵਾਰ ਨੂੰ ਆਸ਼ਾ ਸੁਪਰਵਾਈਜ਼ਰਾਂ ਅਤੇ ਆਸ਼ਾ ਵਰਕਰਾਂ ਦੀ ਨੈਸ਼ਨਲ ਸਿਹਤ ਪ੍ਰੋਗਰਾਮਾਂ ਸਬੰਧੀ ਮਹੀਨਾਵਾਰ ਸਮੀਖਿਆ ਮੀਟਿੰਗ ਆਯੋਜਿਤ ਕੀਤੀ ਗਈ। ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਿੰਦਰਜੀਤ ਕੌਰ ਨੇ ਮੀਟਿੰਗ ਦੌਰਾਨ ਵੱਖ-ਵੱਖ ਨੈਸ਼ਨਲ ਸਿਹਤ ਪ੍ਰੋਗਰਾਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਆਸ਼ਾ ਵਰਕਰਾਂ ਨੂੰ ਘਰ-ਘਰ ਪਹੁੰਚ ਕੇ ਯੋਗ ਲਾਭਪਾਤਰੀਆਂ ਤੱਕ ਸਿਹਤ ਸੇਵਾਵਾਂ ਅਤੇ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਨੂੰ ਜੱਚਾ-ਬੱਚਾ ਸਿਹਤ, ਨਿਯਮਤ ਟੀਕਾਕਰਨ, ਪਰਿਵਾਰ ਭਲਾਈ ਸੇਵਾਵਾਂ, ਟੀ.ਬੀ. ਨਿਯੰਤਰਣ, ਗੈਰ-ਸੰਚਾਰੀ ਬਿਮਾਰੀਆਂ ਦੀ ਸਕ੍ਰੀਨਿੰਗ ਅਤੇ ਹੋਰ ਜਨ ਸਿਹਤ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਡਾ. ਸਤਿੰਦਰਜੀਤ ਕੌਰ ਨੇ ਕਿਹਾ ਕਿ ਆਸ਼ਾ ਵਰਕਰਾਂ ਸਿਹਤ ਵਿਭਾਗ ਅਤੇ ਲੋਕਾਂ ਵਿਚਕਾਰ ਇੱਕ ਮਹੱਤਵਪੂਰਨ ਕੜੀ ਹਨ।

# ਜਾਬਰ ਅਤੇ ਤਾਨਾ ਸ਼ਾਹ ਸਰਕਾਰ ਦੇ ਅੰਤ ਲਈ ਬਸਪਾ ਦੀ ਪੰਜਾਬ ਸੰਭਾਲੋ ਮੁਹਿਮ ਨਾਲ ਜੁੜੋ : ਡਾਕਟਰ ਕਰੀਮਪੁਰੀ

**ਬਰਨਾਲਾ 27 ਜੁਲਾਈ (ਚਰਨਜੀਤ ਸੱਲ੍ਹਾ)**-ਬਸਪਾ ਵੱਲੋਂ ਪੰਜਾਬ ਦੇ ਸਾਰੇ ਜਿਲੇ ਦੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਮਾਨਯੋਗ ਗਵਰਨਰ ਸਾਹਿਬ ਦੇ ਨਾਂ ਤੇ ਮੈਮੋਰੰਡਮ ਭੇਜ ਕੇ ਸਫਾਈ ਕਰਮਚਾਰੀਆਂ ਦੇ ਉੱਪਰ ਹੋਏ ਜਬਰ ਜੁਲਮ ਦੇ ਦੋਸ਼ੀ ਅਧਿਕਾਰੀਆਂ ਦੇ ਲਈ ਸਜ਼ਾ ਦਾ ਪ੍ਰਬੰਧ ਕਰਨ ਹਾਂਜੀ ਹ ਅਤੇ ਉਹਨਾਂ ਦੀਆਂ ਮੰਗਾਂ ਤੁਰੰਤ ਮਨਵਾਣ ਦੇ ਲਈ ਜਖਮੀਆਂ ਦਾ ਇਲਾਜ ਮੁਫਤ ਅਤੇ ਕੰਪਨਸੇਸ਼ਨ ਦੇ ਲਈ ਅੱਜ ਬਰਨ-ਾਲਾ ਵਿਖੇ ਧਰਨਾ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਪ੍ਰਧਾਨ ਬਸਪਾ ਪੰਜਾਬ ਨੇ ਕਿਹਾ



ਸਰਕਾਰ ਦੋਸ਼ੀਆਂ ਨੂੰ ਸਜ਼ਾ ਦੇਵੇ ਅਤੇ ਸਫਾਈ ਕਰਮਚਾਰੀਆਂ ਦੀਆਂ ਤੁਰੰਤ ਮੰਗਾਂ ਨੂੰ ਮੰਨੇ, ਮੁਫਤ ਇਲਾਜ਼ ਅਤੇ ਮੁਆਵਜਾ ਦਿੱਤਾ ਜਾਵੇ,ਪੰਜਾਬ ਸੰਭਾਲੋ ਮਹਿਮ 100% ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਦਾ ਅਜੰਡਾ ਲੈ ਕੇ ਅੱਗੇ ਵਧ ਰਹੀ ਹੈ ਇਸ ਮੌਕੇ ਲੈਕਚਰਲ ਅਮਰਜੀਤ ਸਿੰਘ ਚਲੋਰ ਜੋਨ ਇੰਚਾਰਜ ਸਟੇਟ ਜਨਰਲ ਸੈਕਟਰੀ, ਰਿਟਾਇਰ ਡਿਪਟੀ ਡਾਇਰੈਕਟਰ ਡਾਕਟਰ ਮੱਖਣ ਸਿੰਘ ਸਟੇਟ ਜਨਰਲ ਸੈਕਟਰੀ, ਸਟੇਟ ਸੈਕਟਰੀ ਡਾਕਟਰ ਸਰੂਪ ਸਿੰਘ, ਜ਼ਿਲਾ ਪ੍ਰਧਾਨ ਸਰਬਜੀਤ ਸਿੰਘ ਖੇੜੀ ਸਤਿਗੁਰੂ ਸਿੰਘ ਜਗਤਾਰ ਸਿੰਘ, ਰਿਟਾਇਰਡ ਏਡੀਸੀ ਜੌਹਲ ਜੀ ਬਲਵਿੰਦਰ ਜੀ ਕਿਸਾਨ ਆਗੂਆਂ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਸਮਰਥਕ ਹਾਜ਼ਰ ਸਨ।

# ਬਸਪਾ ਦੇ ਵੱਡੇ ਇਕੱਠ ਦਾ ਸ਼ਕਤੀ ਪ੍ਰਦਰਸ਼ਨ, ਇਨਸਾਫ਼ ਲਈ ਨਵਾਂਸ਼ਹਿਰ ਗੂੰਜਿਆ, ਬਰਨਾਲਾ ਵਿਖੇ ਸਫਾਈ ਕਰਮਚਾਰੀਆਂ ਤੇ ਕੀਤਾ ਤਸ਼ੱਦਦ ਦੀ ਨਿਰਪੱਖ ਜਾਂਚ ਦੀ ਮੰਗ, ਰਾਜਪਾਲ ਦੇ ਨਾਂ ਤੇ ਦਿੱਤਾ ਮੰਗ ਪੱਤਰ -ਡਾ ਨਛੱਤਰ ਪਾਲ ਐਮ ਐਲ ਏ

**ਨਵਾਂਸ਼ਹਿਰ 27 ਜੁਲਾਈ (ਚਰਨਜੀਤ ਸੱਲ੍ਹਾ )** ਸਫਾਈ ਕਰਮਚਾਰੀਆਂ ਅਤੇ ਮਹਿਲਾ ਕਰਮਚਾਰੀਆਂ ਤੇ ਬਰਨਾਲਾ ਵਿਖੇ ਹੋਏ ਲਾਠੀਚਾਰਜ ਦੇ ਵਿਰੁੱਧ ਬਸਪਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਬਸਪਾ ਵਰਕਰਾਂ ਦਾ ਵੱਡਾ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਅੱਜ ਪੂਰੇ ਪੰਜਾਬ ਅੰਦਰ ਹਰੇਕ ਜ਼ਿਲ੍ਹੇ ਪੱਧਰ ਤੇ ਰਾਜਪਾਲ ਦੇ ਨਾਂ ਹੇਠ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਸੋਪੇ ਅਤੇ ਉਨ੍ਹਾਂ ਅਧਿਕਾਰੀਆਂ ਨੂੰ ਸੰਸਡੈਠ ਨਹੀਂ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ ਇਹ ਸ਼ਬਦ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਮੰਗ ਪੱਤਰ ਦਿੰਦੇ ਹੋਏ ਕਹੇਂ। ਬਸਪਾ ਵਰਕਰਾਂ ਨੇ ਨਵਾਂਸ਼ਹਿਰ ਵਿੱਚ ਪ੍ਰਦਰਸ਼ਨ ਕਰਦੇ ਹੋਏ ਡਿਪਟੀ



ਕਮਿਸ਼ਨਰ ਦੇ ਮੰਗ ਪੱਤਰ ਸੌਂਪਿਆ। ਸ਼ਕਤੀ ਪ੍ਰਦਰਸ਼ਨ ਕਰਨ ਵਾਲੀਆਂ ਮਹਿਲਾਵਾਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਕੇ ਆਪਣੇ ਹੱਕਾਂ ਦੇ ਲਈ ਸੰਵਿਧਾਨ ਤਰੀਕੇ ਨਾਲ ਲੜ੍ਹਣਾ ਕੋਈ ਮਾੜੀ ਗੱਲ ਨਹੀਂ ਹੈ। ਪ੍ਰਦਰਸ਼ਨ ਦੂਰਾਨ ਹਰੇਕ ਵਰਕਰ ਦੇ ਹੱਥਾਂ ਵਿੱਚ ਨੀਲਾ ਝੰਡਾ ਚੁੱਕ ਕੇ ਡੀ ਸੀ ਕੰਮਲੈਕਸ ਵਿੱਚ ਨਾਅਰਿਆਂ ਨਾਲ ਇਨਸਾਫ਼ ਦੀ ਮੰਗ ਕੀਤੀ। ਬਸਪਾ ਵਰਕਰਾਂ ਨੇ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਇਨਸਾਫ਼ ਨਾਂ ਮਿਲਿਆ ਤਾਂ ਬਸਪਾ ਪੰਜਾਬ ਪੱਧਰ ਤੇ ਸੰਘਰਸ਼ ਕਰੇਗੀ। ਸਫ਼ਾਈ ਕਰਮਚਾਰੀਆਂ



ਦੇ ਸਨਮਾਨ ਵਿੱਚ ਬਸਪਾ ਮੈਦਾਨ ਵਿੱਚ, ਮਨਰੇਗਾ ਮਜ਼ਦੂਰਾਂ ਦੇ ਸਨਮਾਨ ਵਿੱਚ ਬਸਪਾ ਮੈਦਾਨ ਵਿੱਚ, ਵਿਦਿਆਰਥੀਆਂ ਦੇ ਸਨਮਾਨ ਵਿੱਚ ਬਸਪਾ ਮੈਦਾਨ ਵਿੱਚ ਆਦਿ ਨਾਅਰੇ ਲਗਾ ਰਹੇ ਸਨ। ਇਸ ਮੌਕੇ ਤੇ ਪ੍ਰਵੀਨ ਬੰਗਾ ਜਨਰਲ ਸਕੱਤਰ ਪੰਜਾਬ ਬਸਪਾ, ਦਿਲਬਾਗ ਚੰਦ ਇੰਚਾਰਜ, ਸਰਬਜੀਤ ਸਿੰਘ ਸਾਬਰ ਪੁਰ ਜ਼ਿਲ੍ਹਾ ਪ੍ਰਧਾਨ ਬਸਪਾ, ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ, ਕੁਲਦੀਪ ਸਿੰਘ ਬਹਿਰਾਮ, ਦਰਸ਼ਨ ਸਿੰਘ ਬਹਿਰਾਮ, ਪ੍ਰਕਾਸ਼ ਚੰਦ, ਮਲਕੀਤ ਮੰਢਾਲੀ, ਚਰਨਜੀਤ ਮੰਢਾਲੀ, ਅਸ਼ੋਕ ਕੁਮਾਰ ਖੋਥੜਾ ਉਪ -ਪ੍ਰਧਾਨ, ਗੁਰਮੁਖ ਨੌਰਥ,ਮੋਹਨ ਲਾਲ ਰਾਹੋਂ, ਰਾਕੇਸ਼ ਕੁਮਾਰ ਬਲਾਕ ਸੰਮਤੀ ਮੈਂਬਰ, ਮਿਸ਼ਨਰੀ ਗਾਇਕ ਐਸ ਐਸ ਆਜ਼ਾਦ,ਰਾਜ ਦਦਰਾਲ ਅਤੇ ਬਹੁਤ ਸਾਰੇ ਮਿਸ਼ਨਰੀ ਵਰਕਰ ਹਾਜ਼ਰ ਸਨ।

# ਬਲਾਚੌਰ ਬਾਈਪਾਸ ਕੰਗਨਾ ਪੁਲ ਵਿਖੇ ਨਵੇਂ 'ਰਮਨਦੀਪ ਵੇਰਕਾ ਮਿਲਕਬਾਰ' ਦਾ ਸ਼ਾਨਦਾਰ ਉਦਘਾਟਨ

**ਬਲਾਚੌਰ, 27 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਬਲਾਚੌਰ ਸ਼ਹਿਰ ਵਾਸੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਭਾਰੀ ਮੰਗ ਨੂੰ ਮੁੱਖ ਰੱਖਦਿਆਂ ਅੱਜ ਚੰਡੀਗੜ੍ਹ ਰੋਡ ਸਥਿਤ ਕੰਗਨਾ ਪੁਲ ਬਾਈਪਾਸ ਵਿਖੇ 'ਰਮਨਦੀਪ ਵੇਰਕਾ ਮਿਲਕਬਾਰ' ਦਾ ਰਸਮੀ ਅਤੇ ਸ਼ਾਨਦਾਰ ਉਦਘਾਟਨ ਕੀਤਾ ਗਿਆ। ਇਸ ਨਵੇਂ ਅਦਾਰੇ ਦਾ ਉਦਘਾਟਨ ਇਲਾਕੇ ਦੇ ਨਾਮਵਰ ਸੀਨੀਅਰ ਐਡਵੋਕੇਟ ਅਵਤਾਰ ਸਿੰਘ ਮਾਨ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਮਿਲਕਬਾਰ ਦੇ ਸੰਚਾਲਕ ਰਮਨਦੀਪ ਪੁੱਤਰ ਜਰਨੈਲ ਸਿੰਘ ਮੱਕੋਂਵਾਲ ਨੇ ਦੱਸਿਆ ਕਿ ਬਲਾਚੌਰ ਇਲਾਕੇ ਅੰਦਰ ਵੇਰਕਾ ਦੇ ਪ੍ਰੋਡਕਟਾਂ ਦੀ ਬਹੁਤ ਜ਼ਿਆਦਾ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ








ਸੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਇੱਥੇ ਆਉਣ ਵਾਲੇ ਗਾਹਕਾਂ ਨੂੰ ਵੇਰਕਾ ਦੇ ਹਰੇਕ ਪ੍ਰੋਡਕਟ ਜਿਵੇਂ ਕਿ ਸ਼ੁੱਧ ਦੁੱਧ, ਦਹੀਂ, ਮੱਖਣ, ਘਿਓ, ਪਨੀਰ, ਲੱਸੀ, ਰਬੜੀ, ਮੈਂਗੋ ਰਸੀਲਾ, ਖੀਰ ਅਤੇ ਹੋਰ ਵਸਤੂਆਂ ਹਰ ਸਮੇਂ ਬਿਲਕੁਲ ਤਾਜ਼ੀਆਂ ਅਤੇ ਮਿਆਰੀ ਰੂਪ ਵਿੱਚ ਹਾਜ਼ਰ ਮਿਲਣਗੀਆਂ।

ਨਵੇਂ ਕਾਰੋਬਾਰ ਦੀ ਸ਼ੁਰੂਆਤ ਮੌਕੇ ਵੱਡੀ ਗਿਣਤੀ ਵਿੱਚ ਇਲ-ਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ




ਅਤੇ ਮੋਹਤਬਰ ਵਿਅਕਤੀ ਹਾਜ਼ਰ ਸਨ। ਇਸ ਮੌਕੇ ਜਤਿੰਦਰ ਕੁਮਾਰ ਅਗਨੀਹੋਤਰੀ ਐਡਵੋਕੇਟ, ਚੌਧਰੀ ਚਰਨਦਾਸ ਰਿਟਾਇਰਡ ਇਨਕਮ ਟੈਕਸ ਵਿਭਾਗ, ਭਜਨ ਰਾਮ ਡੀਓ ਐਲਆਈਸੀ ਵਿਭਾਗ, ਡਾਕਟਰ ਅਸ਼ੋਕ ਕੁਮਾਰ ਦੁੱਗਲ, ਹਲਵਿੰਦਰ ਰਾਮ ਏਐਸਆਈ, ਪ੍ਰੇਮ ਕੁਮਾਰ ਏਐਸਆਈ, ਠੇਕੇਦਾਰ ਤਰਸੇਮ ਲਾਲ ਅਤੇ ਮਹਿੰਦਰ ਪਾਲ ਮੈਂਬਰ ਪੰਚਾਇਤ ਲੋਹਗੜ੍ਹ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਬਲਾਚੌਰ ਇਲਾਕੇ ਵਾਸਤੇ ਇਸ ਦੀ ਬਹੁਤ ਜ਼ਰੂਰਤ ਸੀ ਅਤੇ ਇਸ ਦੇ ਖੁੱਲ੍ਹਣ ਨਾਲ

ਇਲਾਕਾ ਨਿਵਾਸੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ।

# ਪਾਕਿਸਤਾਨ 'ਚ ਸਿੱਖ ਵਿਰਾਸਤ ਦੀ ਸੰਭਾਲ ਲਈ ਵੱਡੇ ਪੱਧਰ 'ਤੇ ਯਤਨ ਜਾਰੀ :- ਪ੍ਰੋ. ਸਤਵੰਤ ਕੌਰ

**● 21 ਗੁਰਦੁਆਰਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, 18 ਹੋਰ ਇਤਿਹਾਸਕ ਗੁਰਧਾਮਾਂ ਦੀ ਬਹਾਲੀ ਦਾ ਕੰਮ ਜਾਰੀ**

**● ਪੰਜਾਬੀ ਨੂੰ ਮੁੱਢਲੀਆਂ ਜਮਾਤਾਂ ਤੋਂ ਲਾਗੂ ਕਰਨ ਲਈ ਸਰਕਾਰ ਪਾਸੋਂ ਕੀਤੀ ਜਾ ਰਹੀ ਹੈ ਮੰਗ,**

**● ਵਿਦੇਸ਼ੀ ਸਿੱਖਾਂ ਨੂੰ ਵਿਰਾਸਤ ਦੀ ਸੰਭਾਲ ਲਈ ਅੱਗੇ ਆਉਣ ਦਾ ਸੱਦਾ**

**ਲੈਸਟਰ (ਇੰਗਲੈਂਡ), 27 ਜੁਲਾਈ (ਸੁਖਜਿੰਦਰ ਸਿੰਘ ਢੱਡੇ)–** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਸਕੱਤਰ ਪ੍ਰੋ. ਸਤਵੰਤ ਕੌਰ ਨੇ ਕਿਹਾ ਹੈ ਕਿ ਪਾਕਿਸਤਾਨ ਵਿਚ ਸਿੱਖ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ, ਇਤਿਹਾਸਕ ਗੁਰਦੁਆਰਿਆਂ ਦੀ ਬਹਾਲੀ ਅਤੇ ਉੱਥੇ ਵੱਸਦੇ ਸਿੱਖ ਭਾਈਚਾਰੇ ਦੀਆਂ ਧਾਰਮਿਕ, ਸਮਾਜਿਕ ਅਤੇ ਵਿਦਿਅਕ ਲੋੜਾਂ ਦੀ ਪੂਰਤੀ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਯੂਕੇ ਦੌਰੇ ਦੌਰਾਨ ‘ਅਜੀਤ’ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਵੇਲੇ ਪਾਕਿਸਤਾਨ ਦੇ 21 ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਰਿਹਾ ਹੈ, ਜਦਕਿ 18 ਹੋਰ ਇਤਿਹਾਸਕ ਗੁਰਧਾਮਾਂ ਦੀ ਸੰਭਾਲ, ਮੁਰੰਮਤ ਅਤੇ ਪੁਨਰ-ਸੁਰਜੀਤੀ ਦਾ ਕੰਮ ਵੀ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ 1971 ਵਿਚ ਪਾਕਿਸਤਾਨ ਜਾ ਕੇ ਵੱਸਿਆ ਸੀ ਅਤੇ ਉਸ ਸਮੇਂ ਸਿੱਖ ਪਰਿਵਾਰਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਅਤੇ ਸੀਮਤ ਧਾਰਮਿਕ ਸਹੂਲਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ 1999 ਤੱਕ ਪਾਕਿਸਤਾਨ ਵਿਚ ਸਿਰਫ਼ ਤਿੰਨ ਗੁਰਦੁਆਰਿਆਂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ, ਪਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਤੋਂ ਬਾਅਦ ਇਵੈਕਿਊਈ ਟਰੱਸਟ ਪ੍ਰਾਪਰਟੀ ਬੋਰਡ ਅਤੇ ਪਾਕਿਸਤਾਨ ਸਰਕਾਰ ਦੇ ਸਹਿਯੋਗ ਨਾਲ ਹਾਲਾਤਾਂ ਵਿਚ ਕਾਫ਼ੀ ਸੁਧਾਰ ਆਇਆ ਹੈ ਅਤੇ ਕਈ ਬੰਦ ਪਏ ਇਤਿਹਾਸਕ ਗੁਰਦੁਆਰੇ ਮੁੜ ਸੰਗਤ ਲਈ ਖੋਲ੍ਹੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਪਾਕਿਸਤਾਨ ਵਿਚ ਕਰੀਬ 15 ਹਜ਼ਾਰ ਸਿੱਖ ਵੱਸਦੇ ਹਨ ਅਤੇ ਭਾਵੇਂ ਭਾਈਚਾਰੇ ਦੀ ਗਿਣਤੀ ਘੱਟ ਹੈ, ਪਰ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵੱਡੀ ਗਿਣਤੀ ਇਤਿਹਾਸਕ ਗੁਰਧਾਮ ਪਾਕਿ-



ਸਤਾਨ ਦੀ ਧਰਤੀ 'ਤੇ ਸਥਿਤ ਹਨ, ਜਿਨ੍ਹਾਂ ਦੇ ਪੁਰਾਤਨ ਅਤੇ ਇਤਿਹਾਸਕ ਸਰੂਪ ਨੂੰ ਬਰਕਰਾਰ ਰੱਖਣਾ ਕਮੇਟੀ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਘੱਟ ਗਿਣਤੀ ਮਾਮਲਿਆਂ ਨਾਲ ਸਬੰਧਤ ਸਰਕਾਰੀ ਵਿਭਾਗ ਅਤੇ ਪਾਕਿਸਤਾਨ ਸਰਕਾਰ ਵੀ ਗੁਰਦੁਆਰਿਆਂ ਦੇ ਰੱਖ-ਰਖਾਅ ਅਤੇ ਬਹਾਲੀ ਲਈ ਸਹਿਯੋਗ ਦੇ ਰਹੇ ਹਨ। ਪੰਜਾਬੀ ਭਾਸ਼ਾ ਬਾਰੇ ਗੱਲ ਕਰਦਿਆਂ ਪ੍ਰੋ. ਸਤਵੰਤ ਕੌਰ ਨੇ ਕਿਹਾ ਕਿ ਪਾਕਿਸਤਾਨੀ ਪੰਜਾਬ ਵਿਚ ਵੱਡੀ ਗਿਣਤੀ ਲੋਕ ਪੰਜਾਬੀ ਬੋਲਦੇ ਹਨ, ਪਰ ਸਰਕਾਰੀ ਸਿੱਖਿਆ ਪ੍ਰਣਾਲੀ ਵਿਚ ਪੰਜਾਬੀ ਨੂੰ ਮੁੱਢਲੀਆਂ ਜਮਾਤਾਂ ਤੋਂ ਉਹ ਸਥਾਨ ਨਹੀਂ ਮਿਲਿਆ, ਜਿਸ ਦੀ ਇਹ ਹੱਕਦਾਰ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਦਾ ਸਿਲੇਬਸ ਤਾਂ ਮੌਜੂਦ ਹੈ, ਪਰ ਇਸ ਦੀ ਪੜ੍ਹਾਈ ਆਮ ਤੌਰ 'ਤੇ ਉੱਚ ਜਮਾਤਾਂ ਵਿਚ ਸ਼ੁਰੂ ਹੁੰਦੀ ਹੈ ਅਤੇ ਜੇਕਰ ਇਸ ਨੂੰ ਨਰਸਰੀ ਅਤੇ ਪ੍ਰਾਇਮਰੀ ਪੱਧਰ ਤੋਂ ਲਾਗੂ ਕੀਤਾ ਜਾਵੇ ਤਾਂ ਨਵੀਂ ਪੀੜ੍ਹੀ ਦਾ ਆਪਣੀ ਮਾਂ-ਬੋਲੀ ਨਾਲ ਰਿਸ਼ਤਾ ਹੋਰ ਮਜ਼ਬੂਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਪੰਜਾਬੀ ਮੁੱਖ ਤੌਰ 'ਤੇ ਸ਼ਾਹਮੁਖੀ ਲਿਪੀ ਵਿਚ ਲਿਖੀ ਜਾਂਦੀ ਹੈ, ਜਦਕਿ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਗੁਰਮੁਖੀ ਵੀ ਸਿਖਾਉਂਦੇ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਗੁਰਦੁਆਰਿਆਂ ਵਿਚ ਹਫ਼ਤੇ ਦੇ ਅੰਤਲੇ ਦਿਨਾਂ ਦੌਰਾਨ ਬੱਚਿਆਂ ਲਈ ਵਿਸ਼ੇਸ਼ ਪੰਜਾਬੀ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿੱਥੇ ਗੁਰਮੁਖੀ, ਗੁਰਬਾਣੀ ਪਾਠ, ਕੀਰਤਨ, ਸਿੱਖ ਇਤਿਹਾਸ ਅਤੇ ਰਹਿਤ-ਮਰਿਆਦਾ ਦੀ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਬੱਚੇ ਗੁਰਪੁਰਬਾਂ ਸਮੇਤ ਹੋਰ ਧਾਰਮਿਕ ਸਮਾਗਮਾਂ ਵਿਚ ਕੀਰਤਨ ਅਤੇ ਗੁਰਬਾਣੀ ਪਾਠ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਧਰਮ ਤਬਦੀਲੀ ਨਾਲ ਸਬੰਧਤ ਮਾਮਲਿਆਂ ਬਾਰੇ ਉਨ੍ਹਾਂ ਕਿਹਾ ਕਿ ਕੁਝ ਇਕੱਲੀਆਂ ਘਟਨਾਵਾਂ ਨੂੰ ਪੂਰੇ ਪਾਕਿਸਤਾਨੀ ਸਿੱਖ ਭਾਈਚਾਰੇ ਦੀ ਸਥਿਤੀ ਨਾਲ ਜੋੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਿਸ ਘਟਨਾ ਦੀ ਵਧੇਰੇ ਚਰਚਾ ਹੋਈ ਸੀ, ਉਸ ਵਿਚ ਸਬੰਧਤ ਔਰਤ ਵੱਲੋਂ ਆਪਣੀ ਮਰਜ਼ੀ ਨਾਲ ਫ਼ੈਸਲਾ ਲੈਣ ਦੀ ਗੱਲ ਸਾਹਮਣੇ ਆਈ ਸੀ, ਹਾਲਾਂਕਿ ਸਿੱਖ ਭਾਈਚਾਰੇ ਨੇ ਉਸ ਘਟਨਾ 'ਤੇ ਆਪਣਾ ਇਤਰਾਜ਼ ਵੀ ਦਰਜ ਕਰਵਾਇਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਵਿਅਕਤੀ 'ਤੇ ਜ਼ਬਰਦਸਤੀ ਧਰਮ ਤਬਦੀਲੀ ਦਾ ਦਬਾਅ ਨਹੀਂ ਹੋਣਾ ਚਾਹੀਦਾ ਅਤੇ ਅਜਿਹੇ ਮਾਮਲਿਆਂ ਵਿਚ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਲਾਜ਼ਮੀ ਹੈ। ਪ੍ਰੋ. ਸਤਵੰਤ ਕੌਰ ਨੇ ਕਿਹਾ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਉਨ੍ਹਾਂ ਨੂੰ ਸ਼ਾਮਲ ਕਰਨ ਦਾ ਇਕ ਮੁੱਖ ਉਦੇਸ਼ ਸਿੱਖ ਔਰਤਾਂ ਦੀ ਸਿੱਖਿਆ, ਸੁਰੱਖਿਆ, ਧਾਰਮਿਕ ਭਾਗੀਦਾਰੀ ਅਤੇ ਸਮਾਜਿਕ ਭਲਾਈ ਨਾਲ ਜੁੜੇ ਮਸਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣਾ ਵੀ ਹੈ ਅਤੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਜਾਂਦਾ ਹੈ। ਉਨ੍ਹਾਂ ਯੂਕੇ, ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਪਾਕਿਸਤਾਨ ਵਿਚ ਸਥਿਤ ਇਤਿਹਾਸਕ ਗੁਰਧਾਮਾਂ ਦੀ ਸੰਭਾਲ, ਖੋਜ, ਵਿਕਾਸ, ਪੁਰਾਤਨ ਦਸਤਾਵੇਜ਼ਾਂ ਅਤੇ ਧਾਰਮਿਕ ਸਾਹਿਤ ਦੀ ਰੱਖਿਆ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਕੰਮ ਕਰਨ। ਉਨ੍ਹਾਂ ਦੱਸਿਆ ਕਿ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਵਿਸਾਖੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਤੋਂ ਹਜ਼ਾਰਾਂ ਸਿੱਖ ਸ਼ਰਧਾਲੂ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਪਹੁੰਚਦੇ ਹਨ। ਗੱਲਬਾਤ ਦੇ ਅੰਤ ਵਿਚ ਉਨ੍ਹਾਂ ਕਿਹਾ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਵਿਚ ਭਾਸ਼ਾ, ਸੱਭਿਆਚਾਰ, ਰਹਿਣ-ਸਹਿਣ ਅਤੇ ਇਤਿਹਾਸ ਦੀ ਡੂੰਘੀ ਸਾਂਝ ਹੈ ਅਤੇ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ, ਸਾਂਝੀ ਵਿਰਾਸਤ ਅਤੇ ਇਤਿਹਾਸਕ ਗੁਰਧਾਮਾਂ ਦੀ ਸੰਭਾਲ ਲਈ ਆਪਸੀ ਸਹਿਯੋਗ ਅਤੇ ਸੰਵਾਦ ਨੂੰ ਹੋਰ ਮਜ਼ਬੂਤ ਕਰਦਿਆਂ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਿੱਖ ਇਤਿਹਾਸ ਦੀ ਇਸ ਅਨਮੋਲ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਿਆ ਜਾ ਸਕੇ।

# *ਜਗਜੀਤ ਭੁਟਾਲ ਮੁੜ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਚੁਣੇ ਗਏ

**ਸੰਗਰੂਰ**

ਜਮਹੂਰੀ ਅਧਿਕਾਰ ਪੰਜਾਬ ਜਿਲਾ ਸੰਗਰੂਰ ਦੇ ਚੋਣ ਅਜਲਾਸ ਵਿੱਚ ਸਰਵਸੰਮਤੀ *ਨਾਲ ਚੋਣ ਵਿੱਚ ਸ. ਜਗਜੀਤ ਭੁਟਾਲ* ਨੂੰ ਮੁੜ *ਜਮਹੂਰੀ ਅਧਿਕਾਰ ਸਭਾ ਪੰਜਾਬ, ਜ਼ਿਲ੍ਹਾ ਸੰਗਰੂਰ ਦਾ ਪ੍ਰਧਾਨ ਚੁਣਿਆ ਗਿਆ ਹੈ





ਵਰਨਣਯੋਗ ਹੈ ਕਿ ਚੋਣ ਤੋਂ ਪਹਿਲਾਂ ਪਹਿਲੇ ਸੈਸ਼ਨ ਵਿੱਚ ਤਕਰੀਬਨ 212 ਮੈਂਬਰਾਂ ਦੀ ਹਾਜ਼ਰੀ ਵਿੱਚ 2 ਸਾਲਾ ਦੀ ਕਾਰਜਕਾਰੀ ਤੇ ਵਿਤ ਰਿਪੋਰਟ ਪੇਸ਼ ਕੀਤੀ ਗਈ , ਭਰਵੇਂ ਵਿਚਾਰ ਵਟਾਂਦਰਾ ਬਾਅਦ ਕੁੱਝ ਸੋਧਾਂ ਉਪਰੰਤ ਪਾਸ ਕੀਤਾ ਗਿਆ।ਦੂਜੇ ਸੈਸ਼ਨ ਵਿੱਚ 31 ਮੈਂਬਰੀ ਜ਼ਿਲ੍ਹਾ ਕਾਰਜਕਾਰਨੀ ਦਾ ਗਠਨ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਤੇ ਸੂਬਾ ਵਿਤ ਸਕੱਤਰ ਦੀ ਨਿਗਰਾਨੀ ਵਿਚ ਸਰਵਸੰਮਤੀ ਨਾਲ ਕੀਤਾ ਗਿਆ। ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਨ ਸਿੰਘ ਨੇ ਹੋਈ ਚੋਣ ਬਾਰੇ ਜਾਣਕਾਰੀ ਦਿੱਤੀ ਕਿ ਜਗਜੀਤ ਭੁਟਾਲ ਪ੍ਰਧਾਨ, ਕੁਲਦੀਪ ਸਿੰਘ ਜਨਰਲ ਸਕੱਤਰ, ਬਲਵੀਰ ਲੌਂਗੋਵਾਲ ਤੇ ਬਸ਼ੇਸਰ ਰਾਮ ਮੀਤ ਪ੍ਰਧਾਨ, ਜੁਝਾਰ ਲੌਂਗੋਵਾਲ ਪ੍ਰੈੱਸ ਸਕੱਤਰ , ਮਨਧੀਰ ਸਿੰਘ ਵਿੱਤ ਸਕੱਤਰ, ਹਰਪ੍ਰੀਤ ਕੌਰ ਤੇ ਕੁਲਵਿੰਦਰ ਬੰਟੀ ਸਹਾਇਕ ਸਕੱਤਰ ਚੁਣੇ ਗਏ।

ਮੈਂਬਰਾਂ ਨੇ ਆਸ ਪ੍ਰਗਟਾਈ ਕਿ ਉਨ੍ਹਾਂ ਦੀ ਅਗਵਾਈ ਹੇਠ ਸਭਾ ਜ਼ਿਲ੍ਹੇ ਵਿੱਚ ਜਮਹੂਰੀ ਅਤੇ ਲੋਕ ਹੱਕਾਂ ਦੇ ਸੰਘਰਸ਼ ਨੂੰ ਹੋਰ ਮਜ਼ਬੂਤ ਕਰੇਗੀ।

ਅਖੀਰ ਵਿੱਚ ਬਹੁਤ ਸਾਰੇ ਮਤੇ ਵੀ ਪਾਸ ਕੀਤੇ ਗਏ! ਬਰਨਾਲਾ ਵਿਖੇ ਸਫ਼ਾਈ ਸੇਵਕਾਂ ਤੇ ਹੋਏ ਤਸ਼ੱਦਦ ਦੀ ਨਿਖੇਧੀ ਕੀਤੀ ਗਈ,ਜੰਤਰ ਮੰਤਰ ਤੇ ਵਿਦਿਆਰਥੀਆਂ ਨਾਲ ਹੋਏ ਦੁਰਵਿਹਾਰ ਦੀ ਨਿੰਦਿਆ ਕਰਦਿਆਂ ਤੇ ਅੰਤ ਵਿੱਚ ਉਨ੍ਹਾਂ ਦੀ ਹੋਈ ਜਿੱਤ ਤੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ ਤੇ ਤੇ ਕਿਹਾ ਇਹ ਉਨ੍ਹਾਂ ਦੀ ਏਕਤਾ ਤੇ ਦ੍ਰਿੜਤਾ ਦੀ ਜਿੱਤ ਹੈ ਜਿਸ ਨੂੰ ਬਣਾਈ ਰੱਖਣਾ ਸਮੇਂ ਦੀ ਲੋੜ ਹੈ।

**ਜਗਜੀਤ ਸਿੰਘ**
**ਪ੍ਰਧਾਨ ਜਮਹੂਰੀ ਅਧਿਕਾਰ ਸਭਾ ਪੰਜਾਬ**
**ਜ਼ਿਲ੍ਹਾ ਸੰਗਰੂਰ**
**9872071050**

for more news visit:
www.samajweekly.com

# ਬ੍ਰਿਗੇਡੀਅਰ ਰਾਜ ਕੁਮਾਰ ਨੇ ਪਿੰਡ ਸੋਭੂਵਾਲ ਵਿਖੇ 'ਏਰੀਆ ਯੂਥ ਅਲਾਇੰਸ' ਵਲੋਂ ਕਰਵਾਈ ਸ਼ਾਨਦਾਰ ਐਥਲੇਟਿਕ ਮੀਟ ਵਿੱਚ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ

**ਬਲਾਚੌਰ , 27 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):** ਨੌਜਵਾਨਾਂ ਨੂੰ ਪੜ੍ਹਾਈ ਅਤੇ ਖੇਡਾਂ ਨਾਲ ਜੋੜਨ ਲਈ ਸਰਗਰਮ ਸੰਸਥਾ "ਏਰੀਆ ਯੂਥ ਅਲਾਇੰਸ" ਵੱਲੋਂ ਪਿੰਡ ਸੋਭੂਵਾਲ ਵਿਖੇ ਵੱਖ-ਵੱਖ ਉਮਰ ਵਰਗ ਦੇ ਖਿਡਾਰੀਆਂ ਲਈ ਇੱਕ ਵਿਸ਼ਾਲ ਅਤੇ ਸ਼ਾਨਦਾਰ ਐਥਲੇਟਿਕ ਮੀਟ ਦਾ ਆਯੋਜਨ ਕੀਤਾ ਗਿਆ। ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਆਪ ਦੇ ਸੀਨੀਅਰ ਆਗੂ ਅਤੇ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਆਪਣੇ ਕਰ ਕਮਲਾਂ ਨਾਲ ਦੌੜਾਂ ਸ਼ੁਰੂ ਕਰਵਾਈਆਂ ਅਤੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦਿਆਂ ਉਨ੍ਹਾਂ ਦੀ ਹੌਸਲਾਅਫਜ਼ਾਈ ਕੀਤੀ।

ਇ ਇਸ ਐਥਲੇਟਿਕ ਮੀਟ ਵਿੱਚ ਬਲਾਚੌਰ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ



ਲਗਭਗ 500 ਦੇ ਕਰੀਬ ਨੌਜਵਾਨ ਖਿਡਾਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਹਾਜ਼ਰ ਨੌਜਵਾਨਾਂ ਅਤੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਬ੍ਰਿਗੇਡੀਅਰ ਰਾਜ ਕੁਮਾਰ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਰਗੀ ਘਾਤਕ ਲਾਹਣਤ ਤੋਂ ਦੂਰ ਰਹਿਣ ਦਾ ਜ਼ੋਰਦਾਰ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਸਾਡੀ ਸਿਹਤ ਨੂੰ ਦਰੁਸਤ ਰੱਖਦੀਆਂ ਹਨ, ਸਗੋਂ ਸਾਡੇ ਅੰਦਰ ਅਨੁਸ਼ਾਸਨ, ਭਾਈਚਾਰਕ ਸਾਂਝ ਅਤੇ ਅੱਗੇ ਵਧਣ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਆਪਣੀ ਅਥਾਹ ਊਰਜਾ ਨੂੰ ਨਸ਼ਿਆਂ ਵਿੱਚ ਬਰਬਾਦ ਕਰਨ ਦੀ ਬਜਾਏ ਵੱਧ ਤੋਂ ਵੱਧ ਖੇਡਾਂ ਅਤੇ ਪੜ੍ਹਾਈ ਵੱਲ ਧਿਆਨ ਦੇਣ, ਤਾਂ ਜੋ ਉਹ ਇੱਕ ਸਿਹਤਮੰਦ ਸਮਾਗਮ ਦੀ ਸਿਰਜਣਾ ਕਰਦਿਆਂ ਆਪਣੇ ਮਾਪਿਆਂ, ਸਮਾਜ ਅਤੇ ਦੇਸ਼ ਦਾ ਨਾਂ ਰੌਸ਼ਨ ਕਰ ਸਕਣ।

# ਪਿੰਡ ਵਿਰਕ ਤੋਂ ਪਿਛਲੇ 13 ਦਿਨਾਂ ਤੋਂ ਨਬਾਲਿਗ ਲੜਕੀ ਭੇਦਭਰੇ ਹਾਲਾਤਾਂ 'ਚ ਲਾਪਤਾ

**ਫਿਲੌਰ/ਅੱਪਰਾ, 27 ਜੁਲਾਈ (ਦੀਪਾ)**-ਥਾਣਾ ਗੁਰਾਇਆ ਅਧੀਨ ਪੈਂਦੇ ਪਿੰਡ ਵਿਰਕ ਦੇ ਨਜ਼ਦੀਕ ਏਕਤਾ ਕਲੋਨੀ ਤੋਂ ਇਕ ਨਬਾਲਿਗ ਲੜਕੀ ਪਿਛਲੇ ਲਗਭਗ 13 ਦਿਨਾਂ ਤੋਂ ਭੇਦਭਰੇ ਹਾਲਾਤਾਂ ਵਿੱਚ ਲਾਪਤਾ ਹੋਣ ਦਾ ਮਾਮਲਾ ਸਾਹਮਣੇ ਅਇਆ ਹੈ। ਇਸ ਦੀ ਜਾਣਕਾਰੀ ਦਿੰਦਿਆਂ ਲੜਕੀ ਦੀ ਮਾਤਾ ਗੀਤਾ ਕੁਸ਼ਵਾਹਾ ਪਤਨੀ ਕਮਲੇਸ਼ ਕੁਸ਼ਵਾਹਾ ਨੇ ਦੱਸਿਆ ਕਿ ਉਹ ਮੱਧ ਪ੍ਰਦੇਸ ਤੋਂ ਆ ਕੇ ਇੱਥੇ ਪਿਛਲੇ ਲਗਭਗ 14 ਸਾਲਾਂ ਤੋਂ ਵਸੇ ਹੋਏ ਹੋਏ ਹਨ ਤੇ ਮਿਹਨਤ ਮਜ਼ਦੂਰੀ ਕਰਕੇ ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਉਹਨਾਂ ਦੀ ਲੜਕੀ ਭਾਰਤੀ ਕੁਸ਼ਵਾਹਾ, ਜਿਸ ਦੀ ਉਮਰ ਲਗਭਗ 17





ਸਾਲ ਹੈ, ਜੋ ਮਿਤੀ 13 ਜੁਲਾਈ ਨੂੰ ਘਰ ਤੋਂ ਫਗਵਾੜਾ ਵਿਖੇ ਇਕ ਫੈਕਟਰੀ 'ਚ ਕੰਮ 'ਤੇ ਗਈ ਸੀ, ਦੇਰ ਰਾਤ ਜਦੋਂ ਵਾਪਿਸ ਘਰ ਨਾ ਪਹੁੰਚੀ ਤਾਂ ਪਰਿਵਾਰ ਨੂੰ ਚਿੰਤਾ ਹੋ ਗਈ । ਜਦੋਂ ਫੈਕਟਰੀ ਜਾ ਕੇ ਪਤਾ ਕੀਤਾ ਤਾਂ ਪਤਾ ਲੱਗਿਆ ਕਿ ਲੜਕੀ ਕੰਮ 'ਤੇ ਪਹੁੰਚੂ ਹੀ ਨਹੀਂ । ਲੜਕੀ ਦੀ ਮਾਤਾ ਨੇ ਅੱਗੇ ਦੱਸਿਆ ਕਿ ਉਹਨਾਂ ਨੇ ਕਾਫੀ ਭਾਲ਼ ਕੀਤੀ ਪਰ ਲੜਕੀ ਨਹੀਂ ਮਿਲੀ। ਪਰਿਵਾਰ ਨੇ ਇਸ ਘਟਨਾ ਦੀ ਜਾਣਕਾਰੀ ਪੁਲਿਸ ਚੌਕੀ ਦੁਸਾਂਝ ਕਲਾਂ ਅਤੇ ਥਾਣਾ ਗੁਰਾਇਆ ਦੀ ਪੁਲਿਸ ਨੂੰ ਦੇ ਮੰਗ ਕੀਤੀ ਕਿ ਲੜਕੀ ਨੂੰ ਲੱਭਣ ਵਿੱਚ ਉਹਨਾਂ ਦੀ ਮੱਦਦ ਕੀਤੀ ਜਾਵੇ।

# ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਆਡੀਟੋਰੀਅਮ ਮੀਲ ਪੱਥਰ ਸਾਬਤ ਹੋਵੇਗਾ - ਸ. ਕੁਲਵਿੰਦਰ ਸਿੰਘ ਢਾਹਾਂ

## ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਆਧੁਨਿਕ ਆਡੀਟੋਰੀਅਮ ਦਾ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਵੱਲੋਂ ਉਦਘਾਟਨ

**ਬੰਗਾ 27 ਜੁਲਾਈ (ਚਰਨਜੀਤ ਸੱਲ੍ਹਾ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਅਧੀਨ ਚੱਲ ਰਹੇ ਗੁਰੂ ਨਾਨਕ ਪੈਰਾਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਨਵੇਂ ਆਧੁਨਿਕ ਆਡੀਟੋਰੀਅਮ ਦਾ ਉਦਘਾਟਨ ਟਰੱਸਟ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਆਪਣੇ ਕਰ-ਕਮਲਾਂ ਨਾਲ ਕੀਤਾ। ਇਸ ਮੌਕੇ ਉਨ੍ਹਾਂ ਕਾਲਜ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਇਸ ਆਡੀਟੋਰੀਅਮ ਵਿਚ ਆਯੋਜਿਤ ਹੋਣ ਵਾਲੇ ਸੈਮੀਨਾਰਾਂ, ਵਰਕਸ਼ਾਪਾਂ, ਵਿਦਿਅਕ ਕਾਨਫਰੰਸਾਂ, ਸੱਭਿਆਚਾਰਕ ਸਮਾਗਮਾਂ ਅਤੇ ਹੋਰ ਵਿਦਿਅਕ ਗਤੀਵਿਧੀਆਂ ਨਾਲ ਪੈਰਾ ਮੈਡੀਕਲ ਕਾਲਜ ਵਿਦਿਆਰਥੀਆਂ ਨੂੰ ਤਰੱਕੀ ਦੇ ਨਵੇਂ ਮੌਕੇ ਪ੍ਰਾਪਤ ਹੋਣਗੇ ਅਤੇ ਉਨ੍ਹਾਂ ਦੀ ਸ਼ਖਸੀਅਤ ਦਾ ਸਰਵਪੱਖੀ ਵਿਕਾਸ ਹੋਵੇਗਾ। ਇਸ ਦੇ ਨਾਲ-ਨਾਲ ਇਹ ਆਡੀਟੋਰੀਅਮ ਵਿਦਿਆਰਥੀਆਂ ਦੀ ਅਕਾਦਮਿਕ, ਸੱਭਿਆਚਾਰਕ ਅਤੇ ਉਹਨਾਂ ਦੀ ਪ੍ਰਤਿਭਾ ਨੂੰ ਨਿਖਾਰਣ ਲਈ ਇੱਕ ਮਹੱਤਵਪੂਰਨ ਕੇਂਦਰ ਵਜੋਂ ਕੰਮ ਕਰੇਗਾ। ਇਸ



**ਗੁਰੂ ਨਾਨਕ ਪੈਰਾਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਨਵੇਂ ਆਧੁਨਿਕ ਆਡੀਟੋਰੀਅਮ ਦਾ ਉਦਘਾਟਨ ਕਰਦੇ ਹੋਏ ਟਰੱਸਟ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ**

ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਰਾਜਦੀਪ ਥਿਥਵਾਰ ਨੇ ਕਾਲਜ ਪ੍ਰਬੰਧਕ ਟਰੱਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਡੀਟੋਰੀਅਮ ਦੀ ਉਸਾਰੀ ਨਾਲ ਕਾਲਜ ਨੂੰ ਇੱਕ ਨਵੀਂ ਪਛਾਣ ਮਿਲੀ ਹੈ। ਉਨ੍ਹਾਂ ਦੱਸਿਆ ਕਿ ਇਹ ਸਹੂਲਤ ਵਿਦਿਆਰਥੀਆਂ ਲਈ ਗਿਆਨ, ਸਿਰਜਣਾਤਮਕਤਾ ਅਤੇ ਆਤਮ-ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਸਮਾਗਮ ਦੌਰਾਨ ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਸ. ਮਹਿੰਦਰ ਪਾਲ ਸਿੰਘ ਦਫ਼ਤਰ ਸੁਪਰਡੈਂਟ ਅਤੇ ਮੈਡਮ ਜੋਤੀ ਰਾਣੀ ਇੰਚਾਰਜ ਉ.ਪੀ.ਡੀ. ਮੈਨੇਜਰ ਨੇ ਵੀ ਇਸ ਨਵੀਂ ਉਪਲਬਧੀ ਲਈ ਵਧਾਈ ਦਿੱਤੀ। ਇਸ ਆਧੁਨਿਕ ਆਡੀਟੋਰੀਅਮ ਦੀ ਉਸਾਰੀ ਨੂੰ ਸਮੇਂ ਸਿਰ ਅਤੇ ਮਿਆਰੀ ਢੰਗ ਨਾਲ ਮੁਕੰਮਲ ਕਰਨ ਵਾਲੇ ਕਿਰਤੀਆਂ ਅਤੇ ਉਹਨਾਂ ਸਹਿਯੋਗੀਆਂ ਨੂੰ ਵੀ ਸ. ਕੁਲਵਿੰਦਰ ਸਿੰਘ ਢਾਹਾਂ ਨੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ । ਸਮਾਗਮ ਵਿੱਚ ਸ. ਦਵਿੰਦਰ ਸਿੰਘ ਢਿੱਲੋਂ ਟਰੱਸਟ ਮੈਂਬਰ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਸ.ਭੁਪਿੰਦਰ ਸਿੰਘ ਇੰਜੀਨੀਅਰ, ਮੈਡਮ ਪਿਯੂਸ਼ੀ ਯਾਦਵ ਸਹਾਇਕ ਪ੍ਰੋਫੈਸਰ, ਡਾ. ਰਾਹੁਲ ਵਰਮੂਟਾ ਸਹਾਇਕ ਪ੍ਰੋਫੈਸਰ, ਸਮੂਹ ਅਧਿਆਪਕ, ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਦਿੱਲੀ ਵਿਖੇ ਨੌਜਵਾਨਾਂ-ਵਿਦਿਆਰਥੀਆਂ ਅਤੇ ਆਮ ਲੋਕਾਂ 'ਤੇ ਢਾਹੇ ਗਏ ਅਣਮਨੁੱਖੀ ਜ਼ਬਰ ਤੇ ਗੁੰਡਾਗਰਦੀ ਖਿਲਾਫ਼ ਵਿਸ਼ਾਲ ਮੁਜ਼ਾਹਰਾ







**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦਿੱਲੀ ਪੁਲਸ ਤੇ ਸੰਘ ਪ੍ਰੀਵਾਰ ਦੇ ਪਾਲੇ ਗੁੰਡਿਆਂ ਵਲੋਂ ਨਵੀਂ ਦਿੱਲੀ ਵਿਖੇ ਨੌਜਵਾਨਾਂ-ਵਿਦਿਆਰਥੀਆਂ ਅਤੇ ਆਮ ਲੋਕਾਂ 'ਤੇ ਢਾਹੇ ਗਏ ਅਣਮਨੁੱਖੀ ਜਬਰ ਤੇ ਗੁੰਡਾਗਰਦੀ ਖਿਲਾਫ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਸੂਬਾ ਪੱਧਰ ਦਾ ਜ਼ੋਰਦਾਰ ਰੋਸ ਧਰਨਾ ਮਾਰਿਆ ਗਿਆ। ਇਸ ਧਰਨੇ ਦਾ ਸੱਦਾ ਆਰ.ਐਮ.ਪੀ.ਆਈ., ਸੀ.ਪੀ.ਆਈ (ਐਮ.ਐਲ.) ਨਿਊ ਡੈਮੋਕ੍ਰੇਸੀ,, ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਅਤੇ ਐਮ.ਸੀ.ਪੀ.ਆਈ.-ਯੂ. ਵਲੋਂ ਦਿੱਤਾ ਗਿਆ ਸੀ। ਸਰਵ ਸਾਥੀ ਮੰਗਤ ਰਾਮ ਪਾਸਲਾ, ਗੁਰਮੁੱਖ ਸਿੰਘ ਮਾਨ,ਸੁਖਦਰਸ਼ਨ ਨੱਤ, ਪਰਗਟ ਸਿੰਘ ਜਾਮਾਰਾਏ,ਧਰਮਿੰਦਰ ਸਿੰਘ ਮੁਕੇਰੀਆਂ ਤੇ ਗਗਨਦੀਪ ਨੇ ਵਿਚਾਰ ਰੱਖੇ। ਬੁਲਾਰਿਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਪੇਪਰ ਲੀਕ ਘਪਲੇ ਦੇ ਮੁੱਖ ਦੋਸ਼ੀ, ਦਰਜਨਾਂ ਜ਼ਹੀਨ ਬੱਚਿਆਂ ਦੀਆਂ ਦੁਖਦਾਈ ਆਤਮ ਹੱਤਿਆਵਾਂ ਦੇ ਜਿੰਮੇਵਾਰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਮੰਤਰੀ ਮੰਡਲ ਚੋਂ ਬਰਤਰਫ ਕੀਤਾ ਜਾਵੇ ਅਤੇ ਇਸ ਮਹਾ ਘੁਟਾਲੇ ਲਈ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇਸ਼ ਵਾਸੀਆਂ ਤੋਂ ਮਾਫੀ ਮੰਗਣ। ਉਨ੍ਹਾਂ ਅੰਦੋਲਨਕਾਰੀਆਂ ਖਿਲਾਫ ਸੰਘ-ਭਾਜਪਾ ਤੇ ਏਜੰਸੀਆਂ ਵਲੋਂ ਫੈਲਾਏ ਜਾ ਰਹੇ ਝੂਠ ਤੇ ਹਕੂਮਤੀ ਦਮਨ ਫੌਰੀ ਬੰਦ ਕੀਤੇ ਜਾਣ ਦੀ ਵੀ ਮੰਗ ਕੀਤੀ। ਬੁਲਾਰਿਆਂ ਨੇ ਸਮੂਹ ਦੇਸ਼ ਵਾਸੀਆਂ, ਖਾਸ ਕਰਕੇ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ 20 ਜੁਲਾਈ ਨੂੰ ਸ਼ਾਂਤਮਈ ਪ੍ਰਦਰਸ਼ਨਕਾਰੀਆਂ, ਖਾਸ ਕਰਕੇ ਔਰਤਾਂ-ਬੇਟੀਆਂ ਦੀ ਕੁਟਮਾਰ, ਖਿੱਚਧੂਹ ਤੇ ਬੇਹੁਰਮਤੀ ਕਰਨ ਵਾਲੇ ਪੁਲਸ ਤੇ ਸੁਰੱਖਿਆ ਬਲਾਂ ਦੇ ਮੁਲਾਜ਼ਮਾਂ, ਸਿਵਲ ਕਪੜਿਆਂ 'ਚ ਸ਼ੱਕੀ ਬੰਦਿਆਂ ਤੇ ਸੰਘ ਪਰਿਵਾਰ ਦੇ ਗੁੰਡਾ ਅਨਸਰਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਹਰ ਮੰਚ ਤੋਂ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾਵੇ ਤੇ ਥਾਂ-ਥਾਂ ਪ੍ਰਤੀਰੋਧ ਕਾਰਵਾਈਆਂ ਕੀਤੀਆਂ ਜਾਣ। ਇਸ ਮੌਕੇ ਪਾਸ ਕੀਤੇ ਇਕ ਸਰਵਸੰਮਤ ਮਤੇ ਰਾਹੀਂ ਪੇਪਰ ਲੀਕ ਹੋਣ ਦੇ ਦੁੱਖੋਂ ਖੁਦਕੁਸ਼ੀਆਂ ਕਰ ਗਏ ਬੱਚਿਆਂ ਦੇ ਮਾਪਿਆਂ ਨੂੰ ਢੁੱਕਵਾਂ ਮੁਆਵਜ਼ਾ ਦੇਣ, ਸਿੱਖਿਆ ਤੰਤਰ ਤਬਾਹ ਕਰਨ ਦੀਆਂ ਸਰਕਾਰ ਦੀਆਂ ਯੋਜਨਾਬੱਧ ਸਾਜਿਸ਼ਾਂ ਬੰਦ ਕਰਨ, ਦਲਿਤਾਂ-ਗਰੀਬਾਂ ਨੂੰ ਸਿਖਿਆ ਤੋਂ ਮਹਿਰੂਮ ਕਰਨ ਵਾਲੀ ਨਵੀਂ ਸਿੱਖਿਆ ਨੀਤੀ 2020 ਰੱਦ ਕਰਨ ਦੀ ਮੰਗ ਕੀਤੀ ਗਈ। ਇਕ ਵੱਖਰੇ ਮਤੇ ਰਾਹੀਂ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਬਰਨਾਲਾ ਵਿਖੇ ਸਫਾਈ ਕਰਮੀਆਂ 'ਤੇ ਢਾਹੇ ਗਏ ਪੁਲਸ ਜਬਰ ਦੀ ਨਿਖੇਧੀ ਕਰਦਿਆਂ ਦੋਸ਼ੀ ਪੁਲਸੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਗਈ। 'ਜਵਾਹਰ ਲਾਲ ਨਹਿਰੂ ਯੂਨੀਵਰਸਿਟੀ' ਨਵੀਂ ਦਿੱਲੀ ਦੀ ਵਿਦਿਆਰਥੀ ਯੂਨੀਅਨ (ਜੇ.ਐਨ.ਯੂ.ਐਸ.ਯੂ.) ਦੀ ਚੁਣੀ ਹੋਈ ਪ੍ਰਧਾਨ ਤੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੀ ਕੌਮੀ ਆਗੂ ਸਾਥੀ ਆਦਿਤੀ ਅਤੇ ਨਿਰੰਤਰ 23 ਦਿਨ ਭੁੱਖ ਹੜਤਾਲ 'ਤੇ ਬੈਠਣ ਵਾਲੇ ਵਿਦਿਆਰਥੀ ਆਗੂ ਸਾਥੀ ਆਮੀਨ ਅਮਿਤੋਜ ਧਰਨੇ 'ਚ ਉਚੇਚੇ ਸ਼ਾਮਲ ਹੋਏ। ਪੰਜਾਬ ਭਰ ਚੋਂ ਧਾਹ ਕੇ ਪੁੱਜੇ ਖੱਬੇ ਪੱਖੀ ਆਗੂਆਂ ਤੇ ਕਾਰਕੁੰਨਾਂ ਤੋਂ ਇਲਾਵਾ ਸੁਸ਼ੀਲ ਦੋਸਾਂਝ, ਦਰਸ਼ਨ ਬੁੱਟਰ, ਲਖਵਿੰਦਰ ਜੌਹਲ, ਸਤਨਾਮ ਚਾਨਾ, ਮੱਖਣ ਕੁਹਾੜ, ਮੱਖਣ ਮਾਨ, ਪ੍ਰਿੰਸੀਪਲ ਨਵਜੋਤ, ਸੰਤੋਖ ਲਾਲ ਵਿਰਦੀ ਦੀ ਅਗਵਾਈ 'ਚ ਉੱਘੇ ਲੇਖਕਾਂ, ਬੁਧੀਜੀਵੀਆਂ ਤੇ ਹੋਰ ਸਮਾਜਿਕ ਹਸਤੀਆਂ ਨੇ ਵੀ ਧਰਨੇ 'ਚ ਸ਼ਾਮਲ ਹੋ ਕੇ ਕੇਂਦਰੀ ਹਕੂਮਤ ਵਲੋਂ ਢਾਹੇ ਜਾ ਰਹੇ ਜਬਰ-ਜ਼ੁਲਮ ਖਿਲਾਫ ਸਖ਼ਤ ਰੋਸ ਦਾ ਇਜ਼ਹ-ਾਰ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਕੁਲਵੰਤ ਸਿੰਘ ਸੰਧੂ ਤੇ ਗੁਰਮੀਤ ਸਿੰਘ ਦੀ ਅਗਵਾਈ 'ਚ ਕਮੇਟੀ ਦੇ ਮੈਂਬਰਾਂ ਨੇ ਵੀ ਹਾਜ਼ਰੀ ਲਵਾਈ। ਮੰਚ 'ਤੇ ਕਸ਼ਮੀਰ ਸਿੰਘ ਘੁੱਗਸ਼ੋਰ, ਮਨਜਿੰਦਰ ਸਿੰਘ ਢੇਸੀ, ਜਸਵਿੰਦਰ ਸਿੰਘ ਖਟਕੜ, ਰਤਨ ਸਿੰਘ ਰੰਧਾਵਾ, ਗੁਰਨਾਮ ਸਿੰਘ ਦਾਊਦ, ਪ੍ਰੋਫੈਸਰ ਬਲਵੀਰ, ਅਰਮਾਨ ਸਿੰਘ ਵੀ ਮੌਜੇਦ ਸਨ। ਧਰਨਾਕਾਰੀਆਂ ਨੇ ਹੱਥਾਂ 'ਚ ਮੰਗਾਂ ਵਾਲੀਆਂ ਤਖ਼ਤੀਆਂ ਤੇ ਝੰਡੇ-ਬੈਨਰ ਲੈ ਕੇ ਅਤੇ ਸਿਰਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਡੀ.ਸੀ. ਦਫਤਰ ਤੱਕ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਰਵਾਈ ਕੇਂਦਰੀ ਜੇਲ੍ਹ 'ਚ ਆਮ ਆਦਮੀ ਕਲੀਨਿਕ ਦੀ ਸ਼ੁਰੂਆਤ

## 45 ਕਿਸਮਾਂ ਦੇ ਮੈਡੀਕਲ ਟੈਸਟਾਂ ਤੋਂ ਇਲਾਵਾ 100 ਤੋਂ ਵੱਧ ਤਰ੍ਹਾਂ ਦੀਆਂ ਦਵਾਈਆਂ ਦੀ ਮਿਲੇਗੀ ਸਹੂਲਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਜੇਲ੍ਹਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਇਥੇ ਕੇਂਦਰੀ ਜੇਲ੍ਹ ਵਿਖੇ ਨਵੇਂ ਬਣੇ ਆਮ ਆਦਮੀ ਕਲੀਨਿਕ ਦੀ ਸ਼ੁਰੂਆਤ ਇਕ ਬੰਦੀ ਤੋਂ ਕਰਵਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਖੇਤਰ ਵਿਚ ਬਹੁਤ ਹੀ ਸੁਖਾਲੇ ਢੰਗ ਨਾਲ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣ ਵਿਚ ਨਵੇਂ ਮਾਅਰਕੇ ਮਾਰ ਰਹੀ ਹੈ ਜਿਸ ਨਾਲ ਆਮ ਲੋਕਾਂ ਨੂੰ ਘਰਾਂ ਦੇ ਨਜ਼ਦੀਕ ਹੀ ਮੁੱਢਲੇ ਟੈਸਟਾਂ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਜੇਲ੍ਹ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਸੂਬੇ ਵਿਚ 1090 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਜਾ ਚੁੱਕੇ ਹਨ ਜਿਥੇ ਮਾਹਿਰ ਸਟਾਫ਼ ਵਲੋਂ ਮੁੱਢਲੇ ਸਿਹਤ ਸੰਭਾਲ ਢਾਂਚੇ ਨੂੰ ਹੋਰ ਮਜ਼ਬੂਤ ਕਰਦਿਆਂ ਮਿਆਰੀ ਸਿਹਤ ਸੇਵਾਵਾਂ, ਟੈਸਟ ਅਤੇ ਦਵਾਈਆਂ ਦੀ ਮੁਫ਼ਤ ਸਹੂਲਤ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਦੀ ਕੇਂਦਰੀ ਜੇਲ੍ਹ ਵਿਚ ਆਮ ਆਦਮੀ ਕਲੀਨਿਕ ਦੀ ਸ਼ੁਰੂਆਤ ਹੋਣ ਨਾਲ ਜ਼ਿਲ੍ਹੇ ਵਿਚ ਚੱਲ ਰਹੇ ਇਨ੍ਹਾਂ ਕਲੀਨਿਕਾਂ ਦੀ ਗਿਣਤੀ 77 ਹੋ ਗਈ ਹੈ ਅਤੇ ਹੁਣ ਜੇਲ੍ਹ ਵਿਚ ਬੰਦੀਆਂ ਦੇ 45 ਤਰ੍ਹਾਂ ਦੇ ਟੈਸਟ ਦੀ ਸਹੂਲਤ ਅੰਦਰ ਹੀ ਉਪਲਬਧ ਰਹੇਗੀ ਜਿਥੇ ਉਨ੍ਹਾਂ ਨੂੰ 100 ਤੋਂ ਵੱਧ ਤਰ੍ਹਾਂ ਦੀਆਂ ਦਵਾਈਆਂ ਵੀ ਮੁਫਤ ਮਿਲਣਗੀਆਂ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੂਬੇ ਦੀਆਂ 8 ਜੇਲ੍ਹਾਂ ਵਿਚ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ ਤਾਂ ਜੋ ਜੇਲ੍ਹਾਂ ਵਿਚ ਬੰਦ ਕੈਦੀਆਂ ਲਈ ਸਿਹਤ ਸਹੂਲਤਾਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਅਮਲ ਵਿਚ ਲਿਆਂਦਾ ਜਾ ਸਕੇ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਵਿਚ ਇਨ੍ਹਾਂ ਕਲੀਨਿਕਾਂ ਅੰਦਰ ਮੈਡੀਕਲ ਅਫ਼ਸਰ, ਫਾਰਮਾਸਿਸਟ, ਕਲੀਨਿਕ ਅਸਿਸਟੈਂਟ, ਹੈਲਪਰ ਆਦਿ ਨੂੰ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਮਿਆਰੀ ਸਿਹਤ ਸੇਵਾਵਾਂ ਦਿੱਤੀਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਦੀ ਜੇਲ੍ਹ ਵਿਚ 1400 ਤੋਂ ਵੱਧ ਬੰਦੀਆਂ ਦੇ ਮੁੱਢਲੇ ਟੈਸਟ ਹੁਣ ਜੇਲ੍ਹ ਅੰਦਰਲੇ ਆਮ ਆਦਮੀ ਕਲੀਨਿਕ ਵਿਚ ਹੀ ਹੋ ਜਾਇਆ ਕਰਨਗੇ ਅਤੇ ਲੋੜੀਂਦੀਆਂ ਦਵਾਈਆਂ ਵੀ ਅੰਦਰੋਂ ਹੀ ਦਿੱਤੀਆਂ ਜਾਣਗੀਆਂ।

# ਸੁਣਨ ਤੋਂ ਅਸਮਰੱਥ ਲੋੜਵੰਦਾਂ ਲਈ ਰੈੱਡ ਕਰਾਸ ਲਗਾਏਗਾ ਮੁਫ਼ਤ ਹੇਅਰਿੰਗ ਏਡ ਵੰਡ ਮੈਗਾ ਕੈਂਪ

## 31 ਜੁਲਾਈ ਤੱਕ ਕਰਵਾਓ ਰਜਿਸਟ੍ਰੇਸ਼ਨ, ਯੋਗ ਲਾਭਪਾਤਰੀਆਂ ਨੂੰ ਮਿਲਣਗੀਆਂ ਮੁਫ਼ਤ ਸੁਣਨ ਵਾਲੀਆਂ ਮਸ਼ੀਨਾਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਵੱਲੋਂ ਐਲਿਮਕੋ ਮੋਹਾਲੀ ਦੇ ਸਹਿਯੋਗ ਨਾਲ ਸੁਣਨ ਤੋਂ ਅਸਮਰੱਥ ਲੋੜਵੰਦ ਵਿਅਕਤੀਆਂ ਲਈ ਮੁਫ਼ਤ ਸੁਣਨ ਵਾਲੀਆਂ ਮਸ਼ੀਨਾਂ (ਹੇਅਰਿੰਗ ਏਡ) ਵੰਡਣ ਲਈ ਇੱਕ ਮੇਗਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਰਾਹੀਂ ਸੁਣਨ ਦੀ ਸਮਰੱਥਾ ਘੱਟ ਹੋਣ ਕਾਰਨ ਰੋਜ਼ਾਨਾ ਜੀਵਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਯੋਗ ਲਾਭਪਾਤਰੀਆਂ ਨੂੰ ਮੁਫ਼ਤ ਹੇਅਰਿੰਗ ਏਡ ਮੁਹੱਈਆ ਕਰਵਾਏ ਜਾਣਗੇ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਕੈਂਪ ਦਾ ਲਾਭ ਲੈਣ ਦੇ ਚਾਹਵਾਨ ਅਤੇ ਯੋਗ ਲਾਭਪਾਤਰੀ ਕਿਸੇ ਵੀ ਕਾਰਜ ਦਿਵਸ ਦੌਰਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਜ਼ਿਲ੍ਹਾ ਰੈੱਡ ਕਰਾਸ ਦਫ਼ਤਰ



ਪਹੁੰਚ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਇੱਛੁਕ ਵਿਅਕਤੀ ਮੋਬਾਈਲ ਨੰਬਰ 81462-41296 'ਤੇ ਸੰਪਰਕ ਕਰਕੇ ਵੀ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 31 ਜੁਲਾਈ 2026 ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਰਜ਼ੀ ਦੇ ਨਾਲ ਲਾਭਪਾਤਰੀ ਲਈ ਆਪਣਾ ਆਧਾਰ ਕਾਰਡ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ। ਜੇਕਰ ਕਿਸੇ ਬਿਨੈਕਾਰ ਕੋਲ ਸੁਣਨ ਸਬੰਧੀ ਕੋਈ ਨਵਾਂ ਮੈਡੀਕਲ ਸਰਟੀਫਿਕੇਟ ਉਪਲਬੱਧ ਹੈ ਤਾਂ ਉਹ ਵੀ ਅਰਜ਼ੀ ਦੇ ਨਾਲ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ, ਸਮਾਜਿਕ ਸੰਸਥਾਵਾਂ, ਸਵੈ-ਸੇਵੀ ਸੰਸਥਾਵਾਂ ਅਤੇ ਗ੍ਰਾਮ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਲੋਕ-ਭਲਾਈ ਕੈਂਪ ਦੀ ਜਾਣਕਾਰੀ ਆਪਣੇ ਆਲੇ-ਦੁਆਲੇ ਰਹਿੰਦੇ ਗਰੀਬ, ਲੋੜਵੰਦ ਅਤੇ ਦਿਵਿਆਂਗ ਵਿਅਕਤੀਆਂ ਤੱਕ ਜ਼ਰੂਰ ਪਹੁੰਚਾਉਣ, ਤਾਂ ਜੋ ਵੱਧ ਤੋਂ ਵੱਧ ਯੋਗ ਵਿਅਕਤੀ ਇਸ ਸਹੂਲਤ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ ਰੈੱਡ ਕ੍ਰਾਸ ਦਾ ਉਦੇਸ਼ ਹਰ ਅਸਲ ਲੋੜਵੰਦ ਤੱਕ ਸਹਾਇਤਾ ਪਹੁੰਚਾਉਣਾ ਹੈ। ਇਸ ਲਈ ਸਾਰੇ ਯੋਗ ਵਿਅਕਤੀ ਸਮੇਂ ਸਿਰ ਆਪਣੀ ਰਜਿਸਟ੍ਰੇਸ਼ਨ ਕਰਵਾ ਕੇ ਇਸ ਵਿਸ਼ੇਸ਼ ਪਹਿਲ ਦਾ ਲਾਭ ਜ਼ਰੂਰ ਉਠਾਉਣ।

# ਅੰਡਰ-19 ਵੂਮਨ ਕ੍ਰਿਕਟ ਵਿੱਚ ਹੁਸ਼ਿਆਰਪੁਰ ਨੇ ਮੋਹਾਲੀ ਨੂੰ 6 ਵਿਕਟਾਂ ਨਾਲ ਹਰਾ ਕੇ ਹਾਸਲ ਕੀਤੇ 4 ਅੰਕ: ਡਾ. ਰਮਨ ਘਈ

## ਕਪਤਾਨ ਸੁਰਭੀ ਅਤੇ ਉਰਸ਼ੀ ਨੇ ਗੇਂਦਬਾਜ਼ੀ ਅਤੇ ਭੂਮਿਕਾ, ਵੰਸ਼ਿਕਾ ਅਤੇ ਮਨਪ੍ਰੀਤ ਨੇ ਬੱਲੇਬਾਜ਼ੀ ਵਿੱਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ, 27 ਜੁਲਾਈ (ਤਰਸੇਮ ਦੀਵਾਨਾ )** - ਪੰਜਾਬ ਕ੍ਰਿਕਟ ਐਸੋਸੀਏਸ਼ਨ ਦੁਆਰਾ ਕਰਵਾਈ ਜਾ ਰਹੀ ਵੂਮੈਨ ਅੰਡਰ-19 ਅੰਤਰ-ਜ਼ਿਲ੍ਹਾ ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਮੋਹਾਲੀ ਟੀਮ ਨੂੰ 6 ਵਿਕਟਾਂ ਨਾਲ ਹਰਾ ਕੇ 4 ਅੰਕ ਹਾਸਲ ਕੀਤੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ 50-50 ਓਵਰਾਂ ਦੇ ਇਸ ਮੈਚ ਵਿੱਚ ਹੁਸ਼ਿਆਰਪੁਰ ਟੀਮ ਨੇ ਟਾਸ ਜਿੱਤ ਕੇ ਮੋਹਾਲੀ ਟੀਮ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ ਅਤੇ ਹੁਸ਼ਿਆਰਪੁਰ ਦੀ ਕਪਤਾਨ ਸੁਰਭੀ ਅਤੇ ਉਰਸ਼ੀ ਠਾਕੁਰ ਦੀ ਸ਼ਾਨਦਾਰ ਗੇਂਦਬਾਜ਼ੀ ਸਦਕਾ ਮੋਹਾਲੀ ਦੀ ਪੂਰੀ ਟੀਮ 38.3 ਓਵਰਾਂ ਵਿੱਚ ਕੇਵਲ 89 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਜਿਸ ਵਿੱਚ ਅਮਾਇਰਾ ਔਲਖ ਨੇ 25, ਕਸ਼ਿਸ਼ ਨੇ 24 ਅਤੇ ਅਹਿਨੀਸ਼ ਕੌਰ ਨੇ 18 ਦੌੜਾਂ ਦਾ ਯੋਗਦਾਨ ਪਾਇਆ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਕਪਤਾਨ ਸੁਰਭੀ ਨੇ 17 ਦੌੜਾਂ ਦੇ ਕੇ 3, ਉਰਸ਼ੀ ਠਾਕੁਰ ਨੇ 12 ਦੌੜਾਂ ਦੇ ਕੇ 3, ਵੰਸ਼ਿਕਾ,



ਧਰੂਵਿਕਾ ਸੇਠ ਅਤੇ ਕਾਸ਼ਵੀ ਰਾਣਾ ਨੇ ਮੋਹਾਲੀ ਦਾ 1-1 ਵਿਕਟ ਝਟਕਾਇਆ। 50 ਓਵਰਾਂ ਵਿੱਚ ਜਿੱਤ ਲਈ 90 ਦੌੜਾਂ ਦਾ ਟੀਚਾ ਲੈ ਕੇ ਬੱਲੇਬਾਜ਼ੀ ਕਰਨ ਮੈਦਾਨ ਵਿੱਚ ਉਤਰੀ ਹੁਸ਼ਿਆਰਪੁਰ ਦੀ ਟੀਮ ਨੇ 41.2 ਓਵਰਾਂ ਵਿੱਚ 4 ਵਿਕਟਾਂ ਦੇ ਨੁਕ-ਸਾਨ 'ਤੇ 93 ਦੌੜਾਂ ਬਣਾ ਕੇ ਇਹ ਮੈਚ 6 ਵਿਕਟਾਂ ਨਾਲ ਜਿੱਤ ਲਿਆ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਭੂਮਿਕਾ ਸ਼ਰਮਾ ਨੇ 31, ਵੰਸ਼ਿਕਾ ਨੇ 14 ਨਾਟ ਆਊਟ ਅਤੇ ਮਨਪ੍ਰੀਤ ਸਿੰਘ ਨੇ 13 ਨਾਟ ਆਊਟ ਦੌੜਾਂ ਦਾ ਯੋਗਦਾਨ ਦਿੱਤਾ। ਡਾ. ਘਈ ਨੇ ਹੁਸ਼ਿਆਰਪੁਰ ਟੀਮ ਦੀ ਇਸ ਸ਼ਾਨਦਾਰ ਜਿੱਤ 'ਤੇ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਟੀਮ ਅੱਗੇ ਵੀ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖੇਗੀ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਦਾ ਅਗਲਾ ਮੁਕਾਬਲਾ ਜ਼ਿਲ੍ਹਾ ਫਤਹਿਗੜ੍ਹ ਦੀ ਟੀਮ ਨਾਲ 29 ਜੁਲਾਈ ਨੂੰ ਹੁਸ਼ਿਆਰਪੁਰ ਵਿੱਚ ਖੇਡਿਆ ਜਾਵੇਗਾ। ਹੁਸ਼ਿਆਰਪੁਰ ਦੀ ਇਸ ਜਿੱਤ 'ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ, ਸੰਯੁਕਤ ਸਕੱਤਰ ਵਿਵੇਕ ਸਹਾਨੀ, ਠਾਕੁਰ ਯੋਗਰਾਜ, ਚੇਅਰਮੈਨ ਟੂਰਨਾਮੈਂਟ ਕਮੇਟੀ ਡਾ. ਪੰਕਜ ਸ਼ਿਵ, ਜਤਿੰਦਰ ਸੂਦ, ਸੁਭਾਸ਼ ਸ਼ਰਮਾ, ਮਨੋਜ ਓਹਰੀ, ਸਬਦਿਆਲ ਤੋਂ ਇਲਾਵਾ ਸਾਰੇ ਐਚ.ਡੀ.ਸੀ.ਏ. ਅਹੁਦੇਦਾਰਾਂ ਨੇ ਟੀਮ ਨੂੰ ਵਧਾਈ ਦਿੰਦਿਆਂ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਹੁਸ਼ਿਆਰਪੁਰ ਦੀ ਇਸ ਜਿੱਤ 'ਤੇ ਟੀਮ ਦੀ ਮੁੱਖ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ, ਜ਼ਿਲ੍ਹਾ ਟ੍ਰੇਨਰ ਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਕੋਚ ਅਸ਼ੋਕ ਸ਼ਰਮਾ, ਪ੍ਰਵੀਨ ਕਪੂਰ, ਪੰਕਜ ਪਿੰਕਾ, ਦਿਨੇਸ਼ ਸ਼ਰਮਾ, ਸੋਢੀ ਰਾਮ ਆਦਿ ਨੇ ਟੀਮ ਦੀ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਟੀਮ ਅੱਗੇ ਵੀ ਇਸੇ ਤਰ੍ਹਾਂ ਮੈਚਾਂ ਵਿੱਚ ਵਧੀਆ ਪ੍ਰਦਰਸ਼ਨ ਜਾਰੀ ਰੱਖੇਗੀ।

# ਏ.ਐੱਸ.ਆਈ. ਸਿਕੰਦਰ ਪਾਲ ਨੇ ਸੰਭਾਲਿਆ ਆਸਰੋਂ ਚੌਂਕੀ ਦੇ ਇੰਚਾਰਜ ਵਜੋਂ ਅਹੁਦਾ

**ਬਲਾਚੌਰ, 27 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਥਾਣਾ ਸਦਰ ਬਲਾਚੌਰ ਤੋਂ ਬਦਲ ਕੇ ਆਏ ਮਿਹਨਤੀ ਅਤੇ ਤਜ਼ਰਬੇਕਾਰ ਪੁਲਿਸ ਅਧਿਕਾਰੀ ਏ.ਐੱਸ.ਆਈ. ਸਿਕੰਦਰ ਪਾਲ ਨੇ ਅੱਜ ਆਸਰੋਂ ਚੌਂਕੀ ਵਿਖੇ ਬਤੌਰ ਇੰਚਾਰਜ ਆਪਣਾ ਅਹੁਦਾ ਸੰਭਾਲ ਲਿਆ ਹੈ। ਖਾਸ ਗੱਲ ਇਹ ਹੈ ਕਿ ਸਿਕੰਦਰ ਪਾਲ ਵੱਲੋਂ ਆਸਰੋਂ ਚੌਂਕੀ ਵਿਖੇ ਤੀਸਰੀ ਵਾਰ ਇੰਚਾਰਜ ਵਜੋਂ ਅਹੁਦਾ ਸੰਭਾਲਿਆ ਗਿਆ ਹੈ, ਜੋ ਕਿ ਇਲਾਕੇ ਵਿੱਚ ਉਨ੍ਹਾਂ ਦੀ ਕਾਬਲੀਅਤ ਨੂੰ ਬਾਖ਼ੂਬੀ ਦਰਸਾਉਂਦਾ ਹੈ। ਆਪਣੇ ਪੁਲਿਸ ਕਰੀਅਰ ਦੌਰਾਨ ਉਹ ਇਸ ਤੋਂ ਪਹਿਲਾਂ ਵੀ ਕਈ ਵੱਖ-ਵੱਖ ਥਾਣਿਆਂ ਅਤੇ ਚੌਂਕੀਆਂ ਵਿੱਚ ਇੰਚਾਰਜ ਵਜੋਂ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ। ਅਹੁਦਾ ਸੰਭਾਲਣ ਉਪਰੰਤ ਚੌਂਕੀ ਇੰਚਾਰਜ ਸਿਕੰਦਰ ਪਾਲ ਨੇ ਸਪੱਸ਼ਟ



ਕੀਤਾ ਕਿ ਚੌਂਕੀ ਵਿੱਚ ਆਉਣ ਵਾਲੇ ਹਰ ਮੋਹਤਬਰ ਵਿਅਕਤੀ ਅਤੇ ਨਾਗਰਿਕ ਨੂੰ ਪੂਰਾ ਬਣਦਾ ਮਾਨ-ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਨਵੇਂ ਚੌਂਕੀ ਇੰਚਾਰਜ ਦੇ ਅਹੁਦਾ ਸੰਭਾਲਣ ਨਾਲ ਇਲਾਕੇ ਦੇ ਲੋਕਾਂ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਭਾਰੀ ਉਮੀਦਾਂ ਜਤਾਈਆਂ ਜਾ ਰਹੀਆਂ ਹਨ।

# ਆਰ.ਸੀ. ਟ੍ਰਾਂਸਫਰ ਦੀ ਨਵੀਂ ਨੀਤੀ 'ਤੇ ਭੜਕੇ ਪੰਜਾਬ ਦੇ ਕਾਰ ਕਾਰੋਬਾਰੀ, ਸਰਕਾਰ ਨੂੰ ਦਿੱਤੀ ਤਿੱਖੇ ਸੰਘਰਸ਼ ਦੀ ਚੇਤਾਵਨੀ

**ਹੁਸ਼ਿਆਰਪੁਰ 27 ਜੁਲਾਈ ( ਤਰਸੇਮ ਦੀਵਾਨਾ )** - ਪੰਜਾਬ ਦੇ ਟਰਾਂਸਪੋਰਟ ਵਿਭਾਗ ਵੱਲੋਂ ਗੱਡੀਆਂ ਦੀ ਆਰ.ਸੀ. ਟ੍ਰਾਂਸਫਰ ਪ੍ਰਕਿਰਿਆ ਵਿੱਚ ਕੀਤੀ ਗਈ ਨਵੀਂ ਸੋਧ ਨੇ ਰਾਜ ਭਰ ਦੇ ਕਾਰ ਕਾਰੋਬਾਰੀਆਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਪਿਛਲੇ ਕਰੀਬ 30 ਸਾਲਾਂ ਤੋਂ ਇਸ ਕਾਰੋਬਾਰ ਨਾਲ ਜੁੜੇ ਵਪਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਦਾ ਇਹ ਫੈਸਲਾ ਨਾ ਸਿਰਫ਼ ਪੁਰਾਣੀਆਂ ਕਾਰਾਂ ਦੇ ਬਾਜ਼ਾਰ ਨੂੰ ਪੂਰੀ ਤਰ੍ਹਾਂ ਠੱਪ ਕਰ ਦੇਵੇਗਾ, ਸਗੋਂ ਇਸ ਨਾਲ ਆਮ ਜਨਤਾ ਨੂੰ ਵੀ ਭਾਰੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਵੇਗਾ। ਇਸ ਸਬੰਧੀ ਕਾਰੋਬਾਰੀਆਂ ਵੱਲੋਂ ਸਰਕਾਰ ਨੂੰ ਮੰਗ-ਪੱਤਰ ਸੌਂਪ ਕੇ ਨਵੀਂ ਨੀਤੀ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਮਾਮਲੇ ਦੀ ਗੰਭੀਰਤਾ ਬਾਰੇ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਧ ਸਿੰਘ ਭੰਮਰਾ ਤੇ ਤੇਜਿੰਦਰ ਸਿੰਘ ਤੇਜੀ ਉੱਪ ਪ੍ਰਧਾਨ, ਨੇ ਦੱਸਿਆ ਕਿ ਪਹਿਲਾਂ ਆਰ.ਸੀ. ਟ੍ਰਾਂਸਫਰ ਦਾ ਕੰਮ ਇੱਕੋ ਗੇੜ ਵਿੱਚ ਸਰਲ ਤਰੀਕੇ ਨਾਲ ਪੂਰਾ ਹੋ ਜਾਂਦਾ ਸੀ, ਪਰ ਹੁਣ ਨਵੇਂ ਨਿਯਮਾਂ ਤਹਿਤ ਇਸ ਨੂੰ ਤਿੰਨ ਵੱਖ-ਵੱਖ ਪੜਾਵਾਂ ਪੁਰਾਣਾ ਲੋਨ ਹਟਾਉਣਾ, ਨਵੇਂ ਮਾਲਕ ਦੇ ਨਾਂ ਆਰ.ਸੀ.



ਕਰਵਾਉਣਾ ਅਤੇ ਮੁੜ ਨਵਾਂ ਲੋਨ ਚੜ੍ਹਾਉਣਾ ਵਿੱਚ ਵੰਡ ਦਿੱਤਾ ਗਿਆ ਹੈ। ਇਸ ਜਟਿਲ ਪ੍ਰਕਿਰਿਆ ਕਾਰਨ ਜਿਹੜਾ ਕੰਮ ਕੁਝ ਦਿਨਾਂ ਵਿੱਚ ਹੁੰਦਾ ਸੀ, ਉਸ ਲਈ ਹੁਣ ਛੇ ਮਹੀਨਿਆਂ ਤੋਂ ਵੀ ਵੱਧ ਸਮਾਂ ਲੱਗੇਗਾ। ਕਾਰੋਬਾਰੀਆਂ ਅਨੁਸਾਰ ਇਸ ਲੰਬੀ ਪ੍ਰਕਿਰਿਆ ਦਾ ਸਭ ਤੋਂ ਵੱਡਾ ਝਟਕਾ ਫ਼ਾਈਨਾਂਸ ਖੇਤਰ ਨੂੰ ਲੱਗੇਗਾ। ਮੌਜੂਦਾ ਸਮੇਂ ਵਿੱਚ ਕਰੀਬ 80 ਫੀਸਦੀ ਪੁਰਾਣੇ ਵਾਹਨ ਬੈਂਕ ਲੋਨ ਰਾਹੀਂ ਖਰੀਦੇ ਜਾਂਦੇ ਹਨ, ਪਰ ਪ੍ਰਕਿਰਿਆ ਦੇ ਉਲਝਣਦਾਰ ਹੋਣ ਕਾਰਨ ਬੈਂਕਾਂ ਅਤੇ ਫ਼ਾਈਨਾਂਸ ਕੰਪਨੀਆਂ ਨੇ ਲੋਨ ਦੇਣ ਤੋਂ ਹੱਥ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਹਨ। ਇਸ ਫੈਸਲੇ ਨਾਲ ਪੰਜਾਬ ਭਰ ਵਿੱਚ ਗੱਡੀਆਂ ਦੀ ਖਰੀਦ-ਵੇਚ, ਏਜੰਟਾਂ, ਡੀਲਰਾਂ ਅਤੇ ਮੈਕੇਨਿਕਾਂ ਸਮੇਤ ਲੱਖਾਂ ਲੋਕਾਂ ਦੇ ਰੁਜ਼ਗਾਰ 'ਤੇ ਸੰਕਟ ਦੇ ਬਾਦਲ ਛਾ ਗਏ ਹਨ। ਇਸ ਦੇ ਨਾਲ ਹੀ, ਨਵੇਂ ਨਿਯਮ ਨਾਲ ਸਰਕਾਰੀ ਖ਼ਜ਼ਾਨੇ 'ਤੇ ਵੀ ਵਾਧੂ ਬੋਝ ਪਵੇਗਾ ਕਿਉਂਕਿ ਇੱਕ ਆਰ.ਸੀ. ਲਈ ਹੁਣ ਤਿੰਨ ਵਾਰ ਸਮਾਰਟ ਕਾਰਡ ਪ੍ਰਿੰਟ ਕਰਨੇ ਪੈਣਗੇ। ਵਾਰ-ਵਾਰ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟਣ ਕਾਰਨ ਲੋਕ ਖੱਜਲ ਹੋਣਗੇ, ਜਿਸ ਨਾਲ ਦਫ਼ਤਰੀ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਨੂੰ ਉਤਸ਼ਾਹ ਮਿਲੇਗਾ। ਕਾਰੋਬਾਰੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਨਵੀਂ ਸੋਧ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਜਨਤਾ ਦੀ ਰਾਹਤ ਲਈ ਪੁਰਾਣੀ ਸਰਲ ਤੇ ਪਾਰਦਰਸ਼ੀ ਪ੍ਰਣਾਲੀ ਨੂੰ ਹੀ ਮੁੜ ਲਾਗੂ ਕੀਤਾ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤਾ, ਤਾਂ ਉਹ ਰਾਜ ਪੱਧਰ 'ਤੇ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਹੋਰਨਾਂ ਤੋ ਇਲਾਵਾ ਜੋਧ ਸਿੰਘ ਭੰਮਰਾ ਪ੍ਰਧਾਨ, ਤੇਜਿੰਦਰ ਸਿੰਘ ਤੇਜੀ ਉੱਪ ਪ੍ਰਧਾਨ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਜਤਿਨ ਕੁਮਾਰ, ਜਸਵਿੰਦਰ ਬੇਦੀ, ਗੁਰਬਖਸ਼ ਸਿੰਘ, ਰਿਸ਼ੂ ਬਹਿਲ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਭੁਪਿੰਦਰ ਸਿੰਘ, ਹਰਜੋਧ ਸਿੰਘ, ਆਦਿ ਹਾਜ਼ਰ ਸਨ !

# ਨਿਸ਼ਕਾਮ ਸੇਵਾ ਬਿਰਧ ਆਸ਼ਰਮ ਨੂੰ ਲਾਇਨ ਕਲੱਬ ਰਾਏਕੋਟ ਵੱਲੋਂ ਰੋਜ਼ਾਨਾ ਵਰਤੋਂ ਦਾ ਜ਼ਰੂਰੀ ਸਮਾਨ ਭੇਟ

**ਰਾਏਕੋਟ ( ਗੁਰਭਿੰਦਰ ਗੁਰੀ ):** ਲਾਇਨ ਕਲੱਬ ਰਾਏਕੋਟ ਵੱਲੋਂ ਨਿਸ਼ਕਾਮ ਸੇਵਾ ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਲਈ ਰੋਜ਼ਾਨਾ ਵਰਤੋਂ ਦਾ ਜ਼ਰੂਰੀ ਸਮਾਨ ਭੇਟ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਐੱਮ.ਜੇ.ਐੱਫ. ਗੁਲਸ਼ਨ ਮਿੱਤਲ ਨੇ ਕਿਹਾ ਕਿ ਸਮਾਜ ਵਿੱਚ ਬਿਰਧ ਆਸ਼ਰਮਾਂ ਦਾ ਹੋਣਾ ਆਪਣੇ ਆਪ ਵਿੱਚ ਇੱਕ ਦੁੱਖਦਾਈ ਹਕੀਕਤ ਹੈ। ਉਨ੍ਹਾਂ ਕਿਹਾ ਕਿ ਇੱਕ ਮਾਂ-ਬਾਪ ਆਪਣੀਆਂ ਚਾਰ-ਪੰਜ ਔਲਾਦਾਂ ਨੂੰ ਪਾਲ-ਪੋਸ ਕੇ ਵੱਡਾ ਕਰ ਲੈਂਦੇ ਹਨ, ਪਰ ਕਈ ਵਾਰ ਸਾਰੀਆਂ ਔਲਾਦਾਂ ਮਿਲ ਕੇ ਵੀ ਆਪਣੇ ਮਾਤਾ-ਪਿਤਾ ਦੀ ਸੰਭਾਲ ਨਹੀਂ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਨਿਸ਼ਕਾਮ ਸੇਵਾ ਬਿਰਧ ਆਸ਼ਰਮ ਪਿਛਲੇ ਲੰਮੇ ਸਮੇਂ ਤੋਂ ਬਜ਼ੁਰਗਾਂ ਦੀ ਸੇਵਾ ਕਰ ਰਿਹਾ ਹੈ ਅਤੇ ਲਾਇਨ ਕਲੱਬ ਰਾਏਕੋਟ ਵੀ ਸਮੇਂ-ਸਮੇਂ 'ਤੇ ਆਸ਼ਰਮ ਵਿੱਚ ਆਪਣੀਆਂ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। ਇਸ



ਮੌਕੇ ਆਸ਼ਰਮ ਨੂੰ ਦਾਲ, ਆਟਾ, ਚੌਲ, ਫਲ, ਬਿਸਕੁਟ, ਚਾਹ ਪੱਤੀ, ਚੀਨੀ ਸਮੇਤ ਹੋਰ ਰੋਜ਼ਾਨਾ ਲੋੜੀਂਦਾ ਸਮਾਨ ਭੇਟ ਕੀਤਾ ਗਿਆ। ਗੁਲਸ਼ਨ ਮਿੱਤਲ ਨੇ ਆਸ਼ਰਮ ਦੀ ਸੰਚਾਲਿਕਾ ਰਵੀ ਦੇਵਗਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਬਜ਼ੁਰਗਾਂ ਨੂੰ ਘਰ ਵਰਗਾ ਮਾਹੌਲ ਪ੍ਰਦਾਨ ਕਰਦੇ ਹੋਏ ਲੰਮੇ ਸਮੇਂ ਤੋਂ ਨਿਸ਼ਕਾਮ ਸੇਵਾ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਜਦੋਂ ਵੀ ਆਸ਼ਰਮ ਨੂੰ ਕਿਸੇ ਵੀ ਤਰ੍ਹਾਂ ਦੀ ਲੋੜ ਹੋਵੇਗੀ, ਲਾਇਨ ਕਲੱਬ ਹਮੇਸ਼ਾ ਉਨ੍ਹਾਂ ਦੇ ਨਾਲ ਚੱਟਾਨ ਵਾਂਗ ਖੜ੍ਹਾ ਰਹੇਗਾ। ਇਸ ਮੌਕੇ ਆਸ਼ਰਮ ਦੀ ਸੰਚਾਲਿਕਾ ਰਵੀ ਦੇਵਗਨ ਨੇ ਲਾਇਨ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੇ ਸਹਿਯੋਗ ਅਤੇ ਸਮਾਜ ਸੇਵਾ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਸੰਚਾਲਿਕਾ ਰਵੀ ਦੇਵਗਨ ਤੋਂ ਇਲਾਵਾ ਲਾਇਨ ਕਲੱਬ ਦੇ ਪ੍ਰਧਾਨ ਐੱਮ.ਜੇ.ਐੱਫ. ਗੁਲਸ਼ਨ ਮਿੱਤਲ, ਸਕੱਤਰ ਦਿਨੇਸ਼ ਖੁਰਮੀ, ਖਜ਼ਾਨਚੀ ਐੱਮ.ਜੇ.ਐੱਫ. ਰਮੇਸ਼ ਗਰਗ, ਐੱਮ.ਜੇ.ਐੱਫ. ਵਿਕਰਮਜੀਤ ਬਾਂਸਲ, ਐੱਮ.ਜੇ.ਐੱਫ. ਕੇ. ਕੇ. ਸ਼ਰਮਾ, ਰਾਜਕੁਮਾਰ, ਅਨਿਲ ਅਗਰਵਾਲ, ਮੀਨੂ ਜੈਨ, ਕੁਲਵੰਤ ਸਿੰਘ, ਰਾਜਿੰਦਰ ਗੋਇਲ, ਨਰੇਸ਼ ਗੋਇਲ, ਪਵਨ ਵਰਮਾ ਅਤੇ ਬੀ.ਆਰ. ਸ਼ਰਮਾ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਪਿੰਡ ਵਿਰਕ ਵਿਖੇ ਨਵੇਂ ਨੀਲੇ ਕਾਰਡ ਬਣਾਉਣ ਸਬੰਧੀ ਵਿਸ਼ੇਸ਼ ਕੈਂਪ ਲਗਾਇਆ

**ਫਿਲੌਰ/ਅੱਪਰਾ, 27 ਜੁਲਾਈ (ਦੀਪਾ)**-ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਿਲੌਰ ਤੋਂ ਇੰਚਾਰਜ ਭੈਣ ਹਰਜੋਤ ਕੌਰ ਲੋਹਟੀਆ ਦੇ ਦਿਸ਼ਾ ਨਰਦੇਸ਼ਾਂ ਤਹਿਤ ਅੱਜ ਪਿੰਡ ਵਿਰਕ ਵਿਖੇ ਚੇਅਰਪਰਸਨ ਬਲਾਕ ਸੰਮਤੀ ਰੁੜਕਾ ਕਲਾਂ ਵੀਨਾ ਬਸਰਾ ਅਤੇ ਸਰਪੰਚ ਲਾਡੀ ਬਸਰਾ ਵਿਰਕ ਦੀ ਅਗਵਾਈ ਵਿੱਚ ਨਵੇਂ ਨੀਲੇ ਕਾਰਡ ਬਣਾਉਣ ਸਬੰਧੀ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ ਵਿੱਚ ਬਲਾਕ ਪ੍ਰਧਾਨ ਲੇਡੀਜ ਵਿੰਗ ਮਨਦੀਪ ਕੌਰ , ਡੀਪੂ ਹੋਲਡਰ ਰਣਜੀਤ ਲਾਲ , ਸੀਨੀਅਰ ਆਪ ਆਗੂ ਅਸ਼ੋਕ ਬੰਗੜ ਵੀ ਹਾਜ਼ਰ ਸਨ। ਇਸ




ਮੌਕੇ ਮੋਹਤਬਰਾਂ ਵੱਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਲਈ ਫਾਰਮ ਭਰੇ ਗਏ ਅਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਬਣਾਏ ਜਾ ਰਹੇ ਰਾਸ਼ਨ ਕਾਰਡਾਂ ਬਾਰੇ ਅਤੇ ਹੋਰ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਨਗਰ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਸੋਨੂੰ ਬਾਬਾ ਹਲਵਾਈ ਤੇ ਮੋਨੂੰ ਬਾਬਾ ਹਲਵਾਈ ਨੂੰ ਸਦਮਾ, ਮਾਤਾ ਦਾ ਦੇਹਾਂਤ *ਸ੍ਰੀ ਗਰੁੜ ਪੁਰਾਣ ਪਾਠ ਦਾ ਭੋਗ ਤੇ ਅੰਤਿਮ ਅਰਦਾਸ 31 ਜੁਲਾਈ ਨੂੰ

**ਫਿਲੌਰ/ਅੱਪਰਾ, 27 ਜੁਲਾਈ (ਦੀਪਾ)**-ਉੱਘੇ ਸਮਾਜ ਸੇਵਕ ਤੇ ਬਾਬਾ ਸਵੀਟ ਸ਼ਾਪ (ਨੇੜੇ ਅਜ਼ਾਦ ਗੇਟ ਅੱਪਰਾ) ਦੇ ਮਾਲਕ ਰਾਜੇਸ਼ ਕੁਮਾਰ ਉਰਫ ਸੋਨੂੰ ਬਾਬਾ ਹਲਵਾਈ ਤੇ ਨਰੇਸ਼ ਕੁਮਾਰ ਉਰਫ ਮੋਨੂੰ ਬਾਬਾ ਹਲਵਾਈ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜੀ ਸ੍ਰੀਮਤੀ ਦਰਸ਼ਨਾ ਦੇਵੀ (ਸੁਪਤਨੀ ਸਵ. ਸਤਪਾਲ ਬਾਬਾ) ਜੀ ਬੀਤੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਨਾਂ ਦੀ ਬੇਵਕਤੀ ਮੌਤ ਤੇ ਇਲਾਕੇ ਭਰ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਵੱਖ ਵੱਖ ਸਮਾਜ ਸੈਵੀ ਸੰਸਥਾਵਾਂ, ਇਲਾਕੇ ਭਰ ਦੇ ਸਰਪੰਚਾਂ ਪੰਚਾਂ ਤੇ ਨੰਬਰਦਾਰਾਂ ਦੇ ਸਮੂਹ ਪਰਿਵਾਰ ਨਾਲ ਗਹਿਰਾ ਦੁੱਖ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸ੍ਰੀਮਤੀ ਦਰਸ਼ਨਾ ਦੇਵੀ ਨਮਿਤ ਸ੍ਰੀ ਗਰੁੜ ਪੁਰਾਣ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਮਿਤੀ 31 ਜੁਲਾਈ ਦਿਨ ਸ਼ੁੱਕਰਵਾਰ ਨੂੰ ਦਰਬਾਰ ਬਾਬਾ ਸ਼ੇਖ ਨਸ਼ੀਰਾ ਜੀ ਅੱਪਰਾ ਤਹਿ. ਫਿਲੌਰ ਵਿਖੇ ਦੁਪਹਿਰ 12 ਵਜੇ ਤੋਂ ਲੈ ਕੇ 2 ਵਜੇ ਤੱਕ ਹੋਵੇਗੀ।



# ਜਗਜੀਤ ਭੁਟਾਲ ਮੁੜ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਬਣੇ

**ਸੰਗਰੂਰ**


ਉਸਨੂੰ ਘੜੀ ਦੀਆਂ ਸੂਈਆਂ ਵਾਂਗ 360 ਡਿਗਰੀ ਦੇ ਕੋਣ ਤੇ ਗੋਲ ਗੋਲ ਘੁੰਮਣ ਦੀ ਆਦਤ ਨਹੀਂ। ਜਿਵੇਂ ਘੰਟਾ ਘਰ ਦੀਆਂ ਸੂਈਆਂ ਘੁੰਮਦੀਆਂ ਹਨ। ਉਹ ਜਿਉਮੈਟਰੀ ਦੇ ਪਿਤਾਮਾ ਜਿਉਕਲਿਡ ਦੀ ਸਰਲ ਰੇਖਾ ਵਾਂਗੂੰ ਕੰਡਿਆਲੇ ਰਾਹਾਂ ਅਤੇ ਬਿਖੜੇ ਪੈਂਡਿਆਂ ਦੇ ਲੰਮੇ ਸਫ਼ਰ ਦਾ ਮੁਸਾਫ਼ਿਰ ਬਣ ਕੇ ਚੱਲਣ ਵਿੱਚ ਯਕੀਨ ਰੱਖਦਾ ਹੈ। ਉਹ ਨਾ ਪੋਹ ਦੀਆਂ ਸਰਦ ਰਾਤਾਂ ਦੇਖਦਾ ਹੈ ਅਤੇ ਨਾ ਹੀ ਜੇਠ ਹਾੜ੍ਹ ਦੀਆਂ ਤਿੱਖੜ ਦੁਪਹਿਰਾਂ। ਉਸਨੂੰ ਸਾਗਰ ਦੇ ਕਿਨਾਰਿਆਂ ਤੇ ਵੀ ਤੁਰਨਾ ਪਸੰਦ ਨਹੀਂ । ਸ਼ੁਰੂ ਤੋਂ ਹੀ ਉਸਦਾ ਮੋਹ ਸਦਾ ਸਾਗਰ ਚੋ ਉੱਠਦੀਆਂ ਛੱਲਾਂ ਤੇ ਲਹਿਰਾਂ ਨਾਲ ਰਿਹਾ ਹੈ। ਕਿਉਂਕਿ ਉਹ ਉਹਨਾਂ ਲੋਕਾਂ ਦੇ ਕਾਫਲੇ ਦਾ ਆਗੂ ਰਿਹਾ ਜੋ ਹਮੇਸ਼ਾ ਸਕੂਨ ਨਾਲ ਸੰਗਰਾਮੀ ਲਹਿਰਾਂ ਦੇ ਸਿਧਾਂਤਕ ਸਫ਼ਰ ਤੇ ਰਹੇ। ਸੂਖਮ ਜਜ਼ਬਿਆਂ ਅਤੇ ਅਹਿਸਾਸਾਂ ਵਾਲਾ ਇਹ ਨਿੱਧੜਕ ਜਰਨੈਲ ਜ਼ਦੋਂ ਆਪਣੀ ਪ੍ਰਤਿਭਾ ਤੇ ਪ੍ਰਤੀਬੱਧਤਾ ਨਾਲ ਮਾਰਕਸੀ ਤੇ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਦਾ ਹੈ ਤਾਂ ਮਾਣਮੱਤੇ ਤੇ ਜੇਤੂ ਅਹਿਸਾਸ ਨਾਲ ਅੱਗੇ ਵੱਧਦਾ ਹੈ। ਕਿਉਂਕਿ ਉਸਨੂੰ ਜਵਾਨੀ ਵੇਲੇ ਇਨਕਲਾਬ ਨਾਲ ਇਸ਼ਕ ਹੁੰਦਾ ਸੀ ਝੱਲਿਆਂ ਵਾਂਗ ਤੁਰੇ ਰਹਿਣ ਦਾ। ਜਦੋਂ ਉਸਦਾ ਹੋਰ ਉੱਚਾ ਉੱਡਣ ਦਾ ਮਨ ਕਰਦਾ ਹੈ ਫਿਰ ਉਕਾਬ ਤੋਂ ਘੱਟ ਉਡਾਨ ਨਹੀਂ ਭਰਦਾ। ਉਸਨੂੰ ਰੀਂਘਦੀ ਹੋਈ ਜ਼ਿੰਦਗੀ ਨਾਲ ਕਦੇ ਪਿਆਰ ਨਹੀਂ ਰਿਹਾ ਤੇ ਜ਼ਿੰਦਗੀ ਤੋਂ ਹਾਰੇ ਤੇ ਚੁੱਪ ਬੈਠੇ ਲੋਕਾਂ ਨਾਲ ਕਦੇ ਨਫ਼ਰਤ ਨਹੀਂ। ਆਪਣੇ ਲੋਕਾਂ ਦੀ ਖਾਤਰ ਮਿੱਟੀ ਨਾਲ ਮਿੱਟੀ ਹੋਇਆ ਇਹ ਵਕਤ ਦਾ ਮੁਸਾਫ਼ਿਰ ਜਦੋਂ ਘਰ ਪਰਤਦਾ ਹੈ ਤਾਂ ਤਰਕਾਲਾਂ ਵੀ ਸ਼ਾਨ ਨਾਲ ਸਿਰ ਝੁਕਾ ਕੇ ਸਵਾਗਤ ਕਰਦੀਆਂ ਹਨ। ਅੱਜ ਵੀ ਉਸਦੀ ਹਰ ਸਵੇਰ ਮੁਸ਼ਕਿਲਾਂ 'ਚ ਘਿਰੇ ਹੋਏ ਲੋਕਾਂ ਦੇ ਹਾਉਕੇ ਤੋਂ ਸ਼ੁਰੂ ਹੁੰਦੀ ਹੈ।

ਆਪਣੇ ਜੀਵਨ ਦੇ ਲੰਮੇਰੇ ਸਫ਼ਰ ਵਿੱਚ ਉਹ ਕਦੇ ਵੀ ਨਿਰਣਿਆਂ ਅਤੇ ਨਿਸ਼ਾਨਿਆਂ ਤੋਂ ਨਹੀਂ ਥਿੜਕਿਆ। ਪਿੰਡ ਦੀਆਂ ਸੱਥਾਂ , ਥਾਣੇ , ਕਚਹਿਰੀਆਂ ਵਿੱਚ ਜਦੋਂ ਕਿਸੇ ਵਿਆਕਤੀ ਨਾਲ ਧੱਕੇਸ਼ਾਹੀ ਹੁੰਦੀ ਹਿੱਕ ਠੋਕ ਕੇ ਉਹਨਾਂ ਨਾਲ ਮੂਹਰਲੀਆਂ ਸਫ਼ਾਂ ਵਿੱਚ ਹਾਜ਼ਰ ਹੁੰਦਾ। ਨਾ ਉਹਨੂੰ ਫੇਰ ਗ੍ਰਿਫਤਾਰ ਹੋਣ ਦਾ ਡਰ ਹੁੰਦਾ ਨਾ ਹੀ ਜੇਲ੍ਹ ਜਾਣ ਦਾ। ਕਿਸੇ ਵੀ ਸੰਘਰਸ਼ ਵੇਲੇ ਉਹਦਾ ਸੰਬੋਧਨੀ ਵਾਕ ਹਵਾ ਵਾਂਗੂੰ ਸਰਸਰਾ ਕੇ ਨਹੀਂ ਲੰਘਿਆ ਹਮੇਸ਼ਾ ਰਾਜਸੀ ਪਾਰਟੀਆਂ ਨੂੰ ਕੰਬਣੀ ਛੇੜਦਾ ਰਿਹਾ ਹੈ। ਆਪਣੇ ਵਿਚਾਰਾਂ ਨਾਲ ਉਸਨੇ ਲੋਕਾਂ ਦੇ ਦੁੱਖ ਦਰਦ ਨੂੰ ਜ਼ਬਾਨ ਦਿੱਤੀ। ਉਸਨੇ ਆਪਣੀ ਪ੍ਰਤੀਬੱਧਤਾ ਲੋਕਾਈ ਨਾਲ ਅਤੇ ਲੋਕਾਈ ਪੱਖੀ ਵਿਚਾਰਧਾਰਾ ਨਾਲ ਸੁਹਿਰਦਤਾ ਅਤੇ ਇਮਾਨਦਾਰੀ ਨਾਲ ਨਿਭਾਈ ਅਤੇ ਨਿਭਾਉਂਦਾ ਆ ਰਿਹਾ ਹੈ। ਆਪਣੇ ਸਰੋਕਾਰਾਂ ਨੂੰ ਪ੍ਰਮੁੱਖਤਾ ਨਾਲ ਅੱਗੇ ਰੱਖਦਿਆਂ ਉਹ ਬੜੀ ਸ਼ਿੱਦਤ ਨਾਲ ਸੱਤਾ ਨਾਲ ਸੰਵਾਦ ਰਚਾਉਂਦਾ ਰਿਹਾ। ਜਦੋਂ ਉਹ ਪੇਂਡੂ ਕਿਸਾਨੀ ਦੇ ਬੈਂਕ ਖਾਤਿਆਂ ਦੀਆਂ ਕਾਪੀਆਂ ਦੇ ਕਰਜ਼ ਹੇਠ ਦਬਿਆ, ਸਹਿਮਿਆ ਤੇ ਸੁੰਗੜਿਆ ਭਵਿੱਖ ਦੇਖਦਾ ਤਾਂ ਉਸਦਾ ਹਿਰਦਾ ਵਲੂੰਧਰਿਆ ਜਾਂਦਾ। ਲੋਕ ਮਸਲੇ ਉਭਾਰਨ ਲਈ ਉਹ ਕਦੇ ਪਿੱਛੇ ਨਹੀਂ ਹਟਿਆ। ਇਹ ਹੈ ਸਾਡੇ ਇਲਾਕੇ ਦੀ ਪਹਿਚਾਣ ਅਤੇ ਮਹਾਨ ਸ਼ਖ਼ਸੀਅਤ ਜਗਜੀਤ ਭੁਟਾਲ।

ਜਗਜੀਤ ਭੁਟਾਲ ਦਾ ਜਨਮ 28 - 08 - 1954 ਨੂੰ ਮਾਤਾ ਸ੍ਰੀਮਤੀ ਪ੍ਰਮੇਸ਼ਰੀ ਦੇਵੀ ਦੀ ਕੁੱਖੋਂ ਪਿਤਾ ਸ੍ਰੀ ਰਾਜਾ ਰਾਮ ਦੇ ਘਰ ਪਿੰਡ ਭੁਟਾਲ ਕਲਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਮਾਤਾ ਸ੍ਰੀਮਤੀ ਚੰਨਣ ਦੇਵੀ ਦੇ ਬਹੁਤ ਸੁਚੱਜੇ ਢੰਗ ਨਾਲ ਉਹਨਾਂ ਦਾ ਪਾਲਣ ਪੋਸ਼ਣ ਕੀਤਾ। ਮੁੱਢਲੀ ਸਿੱਖਿਆ ਉਹਨਾਂ ਨੇ ਪਿੰਡ ਦੇ ਸਕੂਲ ਵਿੱਚੋਂ ਹਾਸਲ ਕੀਤੀ ਤੇ ਦਸਵੀਂ ਜਮਾਤ ਸ. ਹ.ਸ. ਲਹਿਰਾਗਾਗਾ ਤੋਂ ਪਾਸ ਕੀਤੀ। ਕਾਲਜ ਦੀ ਪੜ੍ਹਾਈ ਵਿਚਕਾਰ ਛੱਡ ਕੇ "ਕੋ ਟ੍ਰੇਨਿੰਗ ਸੈਂਟਰ ਨਾਭਾ "ਵਿਖੇ ਕੋਆਪਰੇਟਿਵ ਅਦਾਰੇ ਦਾ ਕੋਰਸ ਪਾਸ ਕੀਤਾ। ਜਗਜੀਤ ਭੁਟਾਲ ਦੀ ਜ਼ਿੰਦਗੀ ਵਿੱਚ ਉਹਨਾਂ ਦੇ ਭਰਾ ਸਵ. ਪ੍ਰਿਤਪਾਲ ਦਾ ਬਹੁਤ ਯੋਗਦਾਨ ਰਿਹਾ। ਪ੍ਰਿਤਪਾਲ ਖੇਤੀਬਾੜੀ ਨੂੰ ਸਮਰਪਿਤ ਰਿਹਾ ਤੇ ਜਗਜੀਤ ਭੁਟਾਲ ਆਪਣੀ ਪੜ੍ਹਾਈ ਕਰਦਾ ਰਿਹਾ। ਸਕੂਲ ਸਮੇਂ ਤੋਂ ਹੀ ਜਗਜੀਤ ਨੂੰ ਕਬੱਡੀ ਖੇਡਣ ਦਾ ਵੀ ਬਹੁਤ ਸ਼ੌਕ ਰਿਹਾ। ਮਾਲਵੇ ਦੀ ਮਾਂ ਖੇਡ ਕਬੱਡੀ ਜਾਰੀ ਰੱਖਣ ਕਰਕੇ ਹੀ ਉਹ ਬਾਅਦ ' ਚ ਪੇਂਡੂ ਟੂਰਨਾਮੈਂਟਾਂ ਵਿੱਚ 60 ਕਿਲੋ ਵਜ਼ਨੀ ਤੇ ਓਪਨ ਕਬੱਡੀ ਦੇ ਵਧੀਆ ਖਿਡਾਰੀ ਰਹੇ। ਕਾਲਜ ਸਮੇਂ ਤੈਰਾਕੀ ਤੇ ਪੋਲ ਵਾਲਟ ਖੇਡਾਂ ਖੇਡੀਆਂ।

ਕਾਲਜ ਵਿੱਚ ਪੜ੍ਹਦਿਆਂ ਉਹਨਾਂ ਦਾ ਵਾਹ ਵਾਸਤਾ 'ਪੰਜਾਬ ਸਟੂਡੈਂਟਸ ਯੂਨੀਅਨ' ਨਾਲ ਪਿਆ। 1972 ਵਿੱਚ ਮੋਗਾ ਐਜੀਟੇਸਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਹਨਾਂ ਨੇ 1977 ਵਿੱਚ ਆਪਣੇ ਪਿੰਡ ਭੁਟਾਲ ਕਲਾਂ ਵਿਖੇ "ਨੌਜਵਾਨ ਭਾਰਤ ਸਭਾ" ਦੀ ਉਸਾਰੀ ਕੀਤੀ। ਫਿਰ ਇਲਾਕੇ ਵਿੱਚ ਹੋਰ ਵੀ ਸਭਾਵਾਂ ਬਣਾਈਆਂ। ਜਗਜੀਤ ਭੁਟਾਲ ਤੇ ਉਹਨਾਂ ਦੇ ਸਾਥੀਆਂ ਦੇ ਸਹਿਯੋਗ ਤੇ ਹਿੰਮਤ ਸਦਕਾ ਸਰਗਰਮੀਆਂ ' ਚ ਲਹਿਰਾ - ਸੁਨਾਮ ਇਲਾਕਾ ਸਾਰੇ ਪੰਜਾਬ ਵਿੱਚੋਂ ਅੱਵਲ ਰਿਹਾ। ਨੌਜਵਾਨ ਭਾਰਤ ਸਭਾ ' ਚ ਕੰਮ ਕਰਦਿਆਂ ਉਹਨਾਂ ਨੇ "ਪੇਂਡੂ ਨਾਟਕ ਮੰਡਲੀ ਲਹਿਰਾਗਾਗਾ " ਦੀ ਸਥਾਪਨਾ ਕੀਤੀ। ਪੰਜਾਬ ਦੇ ਸੈਂਕੜੇ ਪਿੰਡਾਂ 'ਚ ਨਾਟਕ ਖੇਡਦਿਆਂ ਅਹਿਮ ਰੋਲ ਅਦਾ ਕੀਤੇ। ਵਿਸ਼ੇਸ਼ ਕਰਕੇ "ਪਗੜੀ ਸੰਭਾਲ ਜੱਟਾ ਤੇ ਪ੍ਰਿਥੀ ਤੇਰਾ ਕਾਜ ਅਧੂਰਾ " ਆਦਿ ਨਾਟਕ ਖੇਡੇ। ਨਾਟਕਾਂ ਦੀ ਟੀਮ ਨੇ ਪਿੰਡਾਂ ਵਿੱਚ ਨੌਜਵਾਨ ਭਾਰਤ ਸਭਾ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਈ। 1980- 1981 ਵਿੱਚ ਨੌਜੁਆਨ ਸਭਾਵਾਂ ਅਤੇ ਪੀ. ਐਸ. ਯੂ. ਦੀ ਐਕਸ਼ਨ ਕਮੇਟੀ ਪੰਜਾਬ ਦੀ ਅਗਵਾਈ ਵਿੱਚ ਮਿਸਾਲੀ ਕਿਰਾਇਆ ਘੋਲ਼ ਲੜਿਆ। ਇਸ ਘੋਲ਼ ਵਿੱਚ ਜਗਜੀਤ ਭੁਟਾਲ ਸਮੇਤ ਨੌ ਵਿਆਕਤੀਆਂ ਤੇ ਝੂਠੇ ਕੇਸ ਪਾਏ ਗਏ। ਚਾਰ ਸਾਲ ਚੱਲੇ ਕੇਸ ਵਿੱਚੋਂ ਸਭ ਬਾਇੱਜ਼ਤ ਬਰੀ ਹੋਏ। ਇਸ ਸਮੇਂ ਜਗਜੀਤ ਦੇ ਛੋਟੇ ਭਰਾ ਪ੍ਰਿਤਪਾਲ ਨੂੰ ਸਰਕਾਰੀ ਜਬਰ ਤੇ ਜ਼ਲਾਲਤ ਦਾ ਸ਼ਿਕਾਰ ਹੋਣਾ ਪਿਆ। 1973 - 74 ਵਿੱਚ ਲਹਿਰਾਗਾਗਾ ਵਿਖੇ ਅਗਾਂਹਵਧੂ ਸੰਸਥਾ "ਸੱਭਿਆਚਾਰਕ ਸਭਾ ਲਹਿਰਾਗਾਗਾ" ਕੰਮ ਕਰ ਰਹੀ ਸੀ ਉਸਦਾ ਵੀ ਅੰਗ ਬਣੇ। 1978 - 79 'ਚ ਲਹਿਰਾਗਾਗਾ ਵਿਖੇ "ਮਜ਼ਦੂਰ ਮੁਲਾਜ਼ਮ ਤਾਲਮੇਲ ਕਮੇਟੀ" ਬਣਾਈ। ਉਸ ਵਿੱਚ ਵੀ ਤਨਦੇਹੀ ਨਾਲ ਕੰਮ ਕੀਤਾ। 23 ਮਾਰਚ 1978 ਨੂੰ ਪਿੰਡ ਭੁਟਾਲ ਕਲਾਂ ਵਿਖੇ ਕਬੱਡੀ ਟੂਰਨਾਮੈਂਟ ਦੀ ਸਮਾਪਤੀ ਤੇ ਸ਼ਹੀਦ ਭਗਤ ਸਿੰਘ ਦੀ ਮਹੱਤਵਪੂਰਨ ਲਿਖਤ "ਮੈਂ ਨਾਸਤਿਕ ਕਿਉਂ ਹਾਂ ਅਤੇ ਡਰੀਮਲੈਂਡ ਦੀ ਭੂਮਿਕਾ" ਪੰਜਾਬੀ ਵਿੱਚ ਅਨੁਵਾਦ ਕਰਵਾਕੇ ਪਹਿਲੀ ਵਾਰ ਪਿੰਡ ਭੁਟਾਲ ਕਲਾਂ ਤੋਂ ਰਲੀਜ਼ ਕੀਤੀ। 1985 - 86 'ਚ ਫਿਰਕੂ ਜ਼ਹਿਰਾਂ ਤੋਂ ਪਾਕ ਰੱਖਣ ਲਈ " ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ "ਪੰਜਾਬ 'ਚ ਅਹਿਮ ਰੋਲ ਅਦਾ ਕੀਤਾ। ਦਸੰਬਰ 1988 ਵਿੱਚ ਸਵ. ਹਰੀ ਸਿੰਘ ਤਰਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲਹਿਰਾਗਾਗਾ ਵਿਖੇ "ਲੋਕ ਚੇਤਨਾ ਮੰਚ " ਦੀ ਸਥਾਪਨਾ ਕੀਤੀ ਤੇ ਇਸ ਦਾ ਬਕਾਇਦਾ ਲਿਖਤੀ ਸੰਵਿਧਾਨ ਬਣਾਇਆ ਗਿਆ। ਜਗਜੀਤ ਭੁਟਾਲ ਇਸ ਮੰਚ ਦੇ ਪਹਿਲੇ ਪ੍ਰਧਾਨ ਬਣੇ। ਉਹਨਾਂ ਦੀ ਪ੍ਰਧਾਨਗੀ ਹੇਠ ਇਸ ਮੰਚ ਵੱਲੋਂ ਕਈ ਮਿਸਲੀ ਘੋਲ ਲੜੇ ਗਏ। ਇਹ ਸਿਰਮੌਰ ਸੰਸਥਾ ਅੱਜ ਕੱਲ ਵੀ ਕੰਮ ਕਰ ਰਹੀ ਹੈ। 1995 ਵਿੱਚ ਪੰਜਾਬ ਦੀਆਂ ਸਾਰੀਆਂ ਇਨਕਲਾਬੀ ਧਿਰਾਂ ਦੀ ਸਾਂਝੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਬਣੀ। ਇਸ ਜਥੇਬੰਦੀ ਵਿੱਚ ਵੀ ਸੂਬਾ ਪੱਧਰੀ ਜ਼ਿੰਮੇਵਾਰੀਆਂ ਨਿਭਾਈਆਂ। 1978 - 79 ' ਚ "ਜਮਹੂਰੀ ਅਧਿਕਾਰ ਸਭਾ " ਦੀ ਉਸਾਰੀ ਕੀਤੀ ਗਈ। ਉਹ ਇਸਦੇ ਬਾਨੀ ਮੈਂਬਰ ਬਣੇ। ਅੱਜ ਕੱਲ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਅਤੇ ਸੂਬਾ ਕਮੇਟੀ ਮੈਂਬਰ ਵਜੋਂ ਕੰਮ ਕਰ ਰਹੇ ਹਨ। 01 - 10 - 1978 ਨੂੰ ਉਹਨਾਂ ਨੇ ਪਿੰਡ ਜਲੂਰ ਤੇ ਕਾਲਵੰਜਾਰਾ ਦੀ ਸਾਂਝੀ ਸੁਸਾਇਟੀ 'ਚ ਕੈਸ਼ੀਅਰ ਦੀਆਂ ਸੇਵਾਵਾਂ ਦੀ ਸ਼ੁਰੂਆਤ ਕੀਤੀ। ਉਸ ਵਕਤ ਕੋਆਪਰੇਟਿਵ ਅਦਾਰੇ ਦਾ ਕੋਈ ਕ਼ਾਇਦਾ ਕਾਨੂੰਨ ਨਹੀਂ ਸੀ, ਸਰਵਿਸ ਰੂਲਜ ਨਹੀਂ ਸਨ। ਇਸ ਕਰਕੇ ਉਹਨਾਂ ਨੇ ਮਹਿਕ-ਮੇ ਦੀ ਜਥੇਬੰਦੀ ਦੀ ਉਸਾਰੀ ਕੀਤੀ। ਮਾਲਵੇ ਦੇ ਸੱਤ ਜ਼ਿਲਿ ਆਂ 'ਚ ਜਥੇਬੰਦੀ ਦੀ ਲਾਮਬੰਦੀ ' ਚ ਡਿਊਟੀ ਲੱਗੀ। ਜੋ ਇਮਾਨਦਾਰੀ ਨਾਲ ਨਿਭਾਈ। ਮੁਲਾਜ਼ਮ ਮੰਗਾਂ ਦੀ ਪੂਰਤੀ ਪੰਜਾਬ ਪੱਧਰ ਤੇ ਹੜਤਾਲਾਂ, ਧਰਨੇ, ਮੁਜ਼ਾਹਰੇ ਹੋਏ। ਇਸ ਤੋਂ ਬਾਅਦ 1981 'ਚ ਜੇਲ੍ਹ ਭਰੋ ਅੰਦੋਲਨ ਸ਼ੁਰੂ ਹੋਇਆ। ਸਿੱਟੇ ਵਜੋਂ ਚੰਡੀਗੜ੍ਹ ਦੀ ਬੁੜੈਲ ਜੇਲ੍ਹ ' ਚ ਤਿੰਨ ਮਹੀਨੇ ਸਾਥੀਆਂ ਨਾਲ ਅੰਦਰ ਰਹੇ। ਕੋਈ ਜ਼ਮਾਨਤ ਨਹੀਂ ਕਰਵਾਈ। ਮੁਲਾਜ਼ਮ ਮੰਗਾਂ ਦੀ ਪ੍ਰਾਪਤੀ, ਸਰਵਿਸ ਰੂਲਜ " ਐਜ ਪਰ ਪੰਜਾਬ ਗੌਰਮਿੰਟ" ਲਾਗੂ ਕਰਵਾਇਆ। 1983 ਵਿੱਚ ਜੇਲ੍ਹ ਭਰੋ ਅੰਦੋਲਨ ਦੁਬ-ਾਰਾ ਚੱਲਿਆ। ਦੋ ਮਹੀਨੇ ਫਿਰ ਉਸੀ ਜੇਲ੍ਹ ਵਿੱਚ ਰਹੇ। ਫਿਰ ਕੁਝ ਮੰਗਾਂ ਦੀ ਪ੍ਰਾਪਤੀ ਤੋਂ ਬਾਅਦ ਜਿੱਤ ਦੇ ਜੈਕਾਰਿਆਂ ਨਾਲ ਬਾਹਰ ਆਏ। ਸੂਬੇ ਦੇ ਇਜਲਾਸ ਵਿੱਚ ਉਹਨਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਜਗਜੀਤ ਭੂਟਾਲ ਸਹਿਕਾਰੀ ਸਭਾਵਾਂ ਪੰਜਾਬ ਦਾ ਕੱਦਾਵਰ ਨੇਤਾ ਰਿਹਾ ਹੈ। ਜੋ ਕਿਸਾਨ ਮਸਲਿਆਂ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ। ਕਿਸਾਨਾਂ ਦੀ ਆਰਥਿਕ ਦਿਸ਼ਾ ਤੇ ਦਸ਼ਾ , ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ , ਕਰਜੇ ਦੀ ਮਾਰ ਹੇਠ ਆਈ ਕਿਸਾਨੀ ਬਾਰੇ ਹਮੇਸ਼ਾ ਕਿਸਾਨਾਂ ਨੂੰ ਜਾਗਰੂਕ ਕਰਦਾ ਰਹਿੰਦਾ ਹੈ। ਉਹ ਕਿਸਾਨ ਜਥੇਬੰਦੀਆਂ 'ਚ ਬੜੀ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਉਹ ਇੱਕ ਪੈੜ ਨੂੰ ਕਾਫਲੇ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ। ਉਹ ਤੁਰਦਾ ਇਕੱਲਾ ਐ ਪਰ ਮੰਜਿਲ ਤੇ ਪਹੁੰਚਣ ਤੱਕ ਕਾਰਵਾਂ ਬਣ ਜਾਂਦੈ। ਜਗਜੀਤ ਭੁਟਾਲ ਅਗਸਤ 2014 ਵਿੱਚ ਲੱਗਭੱਗ 36 ਸਾਲ ਦੀਆਂ ਸੇਵਾਵਾਂ ਨਿਭਾ ਕੇ ਇਸ ਅਦਾਰੇ ਵਿੱਚੋਂ ਸੇਵਾ ਮੁਕਤ ਹੋਏ। ਇੱਕ ਬੇਹੱਦ ਇਮਾਨਦਾਰ ਸ਼ਖ਼ਸੀਅਤ ਸ. ਬਲਵੀਰ ਸਿੰਘ ਸੋਹੀ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਜਗਜੀਤ ਭੁਟਾਲ ਦੇ ਆਦਰਸ਼ ਰਹੇ।

ਜਗਜੀਤ ਭੁਟਾਲ 30 ਮਾਰਚ 1986 ਨੂੰ ਸ਼ਹੀਦ ਮੇਘਰਾਜ ਭਗਤੂਆਣਾ ਦੀ ਭੈਣ ਸ੍ਰੀਮਤੀ ਕਾਂਤਾ ਦੇਵੀ ਨਾਲ ਵਿਆਹ ਦੇ ਬੰਧਨ ਵਿੱਚ ਬੱਝੇ। ਇਹ ਵਿਆਹ ਬਿਨਾਂ ਦਾਜ ਦਹੇਜ ਅਤੇ ਪਿਛਾਂਹ ਖਿੱਚੂ ਰਸਮਾਂ ਰਿਵਾਜਾਂ ਨੂੰ ਪਿੱਛੇ ਛੱਡਦੇ ਹੋਏ ਸਿਰਫ ਹਾਰ ਪਹਿਨਾ ਕੇ ਸੰਪਨ ਕੀਤਾ। ਇਸ ਵਿਆਹ ਵਿੱਚ ਸਵ. ਨਾਮਦੇਵ ਭੁਟਾਲ, ਬ੍ਰਹਮਦੇਵ ਸ਼ਰਮਾ, ਮੇਘਰਾਜ ਭਗਤੂਆਣਾ ਨੇ ਸਾਦੇ ਵਿਆਹ ਦੀ ਰਸਮ ਅੱਗੇ ਤੋਰਨ ਲਈ ਵਿਚਾਰ ਪੇਸ਼ ਕੀਤੇ। ਜਗਰਾਜ ਧੌਲਾ ਅਤੇ ਭੂਰਾ ਸਿੰਘ ਮਹਿਮਾ ਸਰਜਾ ਦੀ ਸੰਗੀਤ ਮੰਡਲੀ ਵੱਲੋਂ ਲੋਕ ਪੱਖੀ ਗੀਤ ਸੰਗੀਤ ਪੇਸ਼ ਕੀਤਾ ਗਿਆ। ਸ੍ਰੀਮਤੀ ਕਾਂਤਾ ਦੇਵੀ ਨੇ ਉਨ੍ਹਾਂ ਦੇ ਜੀਵਨ ਵਿੱਚ ਅਹਿਮ ਰੋਲ ਅਦਾ ਕੀਤਾ ਤੇ ਲੋਕ ਪੱਖੀ ਲਹਿਰਾਂ ਦਾ ਆਗੂ ਬਣਾਇਆ। ਉਹਨਾਂ ਦੀ ਹਮਸਫ਼ਰ ਸ੍ਰੀਮਤੀ ਕਾਂਤਾ ਦੇਵੀ ਨੇ ਆਪਣੇ ਭਰਾ ਮੇਘਰਾਜ ਭਗਤੂਆਣਾ ਦੀ ਮੌਤ ਤੋਂ ਬਾਅਦ ਉਹਨਾਂ ਦੇ ਦੋਵੇਂ ਬੱਚਿਆਂ ਬੇਟੀ ਕਮਲ ਤੇ ਬੇਟੇ ਕੁਲਦੀਪ ਨੂੰ ਆਪਣੇ ਕੋਲ ਲਿਆਂਦਾ ਤੇ ਵਧੀਆ ਤਾਲੀਮ ਦਿਵਾਈ। ਅੱਜ ਕੱਲ ਇਹ ਦੋਵੇਂ ਬੱਚੇ ਸਰਕਾਰੀ ਨੌਕਰੀ ਵਿਚ ਹਨ। ਇਹ ਇਲਾਕੇ ਦਾ ਇੱਕ ਨਿਧੜਕ ਤੇ ਲੋਕ ਪੱਖੀ ਆਗੂ ਹੈ। ਪੰਜਾਬ ਦੀ ਐਸੀ ਕੋਈ ਸਟੇਜ ਨਹੀਂ ਜਿੱਥੇ ਇਨ੍ਹਾਂ ਦੇ ਭਾਸ਼ਣ ਨੇ ਲੋਕਾਂ ਨੂੰ ਕਾਇਲ ਨਾ ਕੀਤਾ ਹੋਵੇ। ਲੋਕਾਂ ਨੂੰ ਲਾਮਬੰਦ ਕਰਨ ਵਿਚ ਇਹਨਾਂ ਨੂੰ ਖਾਸ ਮੁਹਾਰਤ ਹਾਸਲ ਹੈ। ਲੱਛੇਦਾਰ ਬੋਲੀ ਤੇ ਖੋਜ ਭਰਪੂਰ ਤੱਥਾਂ ਕਰਕੇ ਇਹ ਲੋਕਾਂ ਨੂੰ ਹਮੇਸ਼ਾ ਆਪਣੇ ਨਾਲ ਜੋੜ ਕੇ ਰੱਖਦੇ ਹਨ।ਅਜਿਹੇ ਨਿਧੜਕ ਜਰਨੈਲ ਦੀ ਹਮੇਸ਼ਾ ਪੰਜਾਬ ਵਿੱਚ ਥੁੜ ਰੜਕਦੀ ਰਹੀ ਹੈ। ਉਹਨਾਂ ਨੇ ਹਮੇਸ਼ਾ ਹੱਕ ਮੰਗਦੇ ਲੋਕਾਂ ਦੀ ਅਵਾਜ਼ ਨੂੰ ਕੁਚਲਣ ਦਾ ਵਿਰੋਧ ਕੀਤਾ। ਸਮਾਜਿਕ , ਆਰਥਿਕ ਵਿਵਸਥਾ ਦੇ ਅਣਸੁਖਾਵੇਪਣ ਕਾਰਨ ਨਪੀੜੇ ਤੇ ਸਾਧਨਹੀਣ ਲੋਕ ਇਹਨਾਂ ਦੀ ਪਹਿਲੀ ਤਰਜੀਹ ਰਹੇ ਹਨ। ਜਿੰਨਾ ਵਾਸਤੇ ਜਮੀਨੀ ਪੱਧਰ ਤੇ ਕੰਮ ਕੀਤਾ। ਪ੍ਰਗਤੀਵਾਦੀ ਦੌਰ ਦਾ ਇਹ ਆਗੂ ਹਮੇਸ਼ਾ ਵਰਤਮਾਨ ਸਮਾਜਿਕ ਯਥਾਰਥ ਨਾਲ ਨਜਿੱਠਣ ਲਈ ਪ੍ਰਤੀਬੱਧ ਰਿਹਾ ਹੈ। ਮਾਰਕਸਵਾਦੀ ਸਿਧਾਂਤ ਦੇ ਸਮਰਥਕ ਹੋਣ ਕਰਕੇ ਇਸਨੂੰ ਇਨਕਲਾਬ ਲਈ ਸ਼ੰਘਰਸ਼ ਕਰ ਰਹੀ ਪ੍ਰੋਲੇਤਾਰੀ ਜਮਾਤ ਦੀ ਭਵਿੱਖ ਵਿੱਚ ਹੋਣ ਵਾਲੀ ਜਿੱਤ ਵਿਚੋਂ ਵੀ ਹਮੇਸ਼ਾ ਵਿਸ਼ਵਾਸ ਰਿਹਾ ਹੈ। ਪਿਛਲੇ ਦਿਨੀਂ ਉਹਨਾਂ ਨੂੰ ਅਚਾਨਕ ਹਰਟ ਅਟੈਕ ਆ ਗਿਆ ਸੀ। ਉਹਨਾਂ ਦੀ ਬਾਈਪਾਸ ਸਰਜਰੀ ਹੋਈ ਹੈ। ਸਿਹਤ ਨਾਸਾਜ਼ ਹੋਣ ਦੇ ਬਾਵਜੂਦ ਵੀ ਉਹ ਕਿਤੇ ਧਰਨਾ, ਰੈਲੀ, ਮੁਜ਼ਾਹਰਾ ਹੋਵੇ ਜ਼ਰੂਰ ਪਹੁੰਚਦੇ ਹਨ। ਉਹਨਾਂ ਨੇ ਆਪਣਾ ਸਾਰਾ ਜੀਵਨ ਲੋਕ ਪੱਖੀ ਲਹਿਰਾਂ ਨੂੰ ਸਮਰਪਿਤ ਕੀਤਾ ਹੋਇਆ ਹੈ। ਬੱਚੇ ਤੋਂ ਲੈ ਕੇ ਬਜੁਰਗ ਤੱਕ ਉਹ ਸਭ ਨੂੰ ਸਨਮਾਨ ਦਿੰਦੇ ਹਨ ਤੇ ਸਭ ਦਾ ਸਤਿਕਾਰ ਕਰਦੇ ਹਨ।





**ਗੁਰਮੇਲ ਸਿੰਘ ਸਨੀ ਸੇਖੂਵਾਸ**
**ਰਾਹੀਂ ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਬਰਨਾਲਾ ਵਿਖੇ ਸਫਾਈ ਸੇਵਕਾਂ ਤੇ ਅੰਨੇਵਾਹ ਲਾਠੀਚਾਰਜ ਕਰਨ ਦੇ ਵਿਰੋਧ 'ਚ ਅੱਪਰਾ ਰਿਹਾ ਮੁਕੰਮਲ ਤੇ ਸ਼ਾਂਤਮਈ ਬੰਦ

**ਫਿਲੌਰ/ਅੱਪਰਾ, 27 ਜੁਲਾਈ (ਦੀਪਾ)**-ਬੀਤੇ ਦਿਨੀਂ ਬਰਨਾਲਾ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਸਫ਼ਾਈ ਸੇਵਕਾਂ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਅੰਨੇਵਾਹ ਲਾਠੀਚਾਰਜ ਕਰਨ ਦੇ ਵਿਰੋਧ ਚ ਵੱਖ ਵੱਖ ਜਥੇਬੰਦੀਆਂ ਦੇ ਸੱਦੇ ਤੇ "ਪੰਜਾਬ ਬੰਦ" ਨੂੰ ਲੈ ਕੇ ਭਗਵਾਨ ਵਾਲਮੀਕਿ ਜੀ ਮੰਦਿਰ ਪ੍ਰਬੰਧਕ ਕਮੇਟੀ (ਰਜਿ) ਅੱਪਰਾ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਅੱਪਰਾ ਸ਼ਾਂਤਮਈ ਤਰੀਕੇ ਨਾਲ ਮੁਕੰਮਲ ਤੌਰ ਤੇ ਬੰਦ ਰਿਹਾ। ਇਸ ਮੌਕੇ ਬੋਲਦਿਆਂ ਸਮੂਹ ਵਾਲਮੀਕਿ ਭਾਈਚਾਰੇ ਦੇ ਆਗੂਆਂ ਨੇ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਸਫ਼ਾਈ ਸੇਵਕਾਂ ਤੇ ਕੀਤਾ ਗਿਆ ਅੰਨੇਵਾਹ ਲਾਠੀਚਾਰਜ ਇੱਕ ਗੰਭੀਰ ਤੇ ਅਪਰਾਧਿਕ ਮਾਮਲਾ ਹੈ। ਇਹ ਲੋਕਤੰਤਰੀ ਪ੍ਰਣਾਲੀ ਦੀ ਸਿੱਧੇ ਤੌਰ ਤੇ ਹੱਤਿਆ ਹੈ। ਇਸ ਸੱਭ ਲਈ ਜ਼ਿੰਮੇਵਾਰ ਲੋਕਾਂ ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮੌਕੇ ਪੰਜਾਬ ਸਰਕਾਰ ਦੇ ਖਿਲਾਫ ਜੰਮ ਕੇ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਦੀਪਕ ਨਾਹਰ ਅੱਪਰਾ ਪ੍ਰਧਾਨ, ਸਰਪੰਚ ਵਿਨੇ ਕੁਮਾਰ,ਮਨਜੀਤ ਜ਼ਿਲਾ ਪ੍ਰੀਸ਼ਦ ਮੈਂਬਰ, ਰੂਪ ਲਾਲ ਪੰਚ, ਸੁਰਿੰਦਰ ਨਾਹਰ, ਰਾਣਾ ਬਾਬਾ, ਪੱਪੂ ਰਾਮ,ਸ਼ੰਮੀ ਕਲਿਆਣ, ਅਮਿਤ ਕਲਿਆਣ ,ਓਮ ਪ੍ਰਕਾਸ਼ ਵਾਲੀਆ,ਨਰੇਸ਼ ਵਾਲੀਆ, ਬਿੱਟੂ, ਕਾਕਾ,ਸੁਰਿੰਦਰ, ਬਲਵਿੰਦਰ ਬਾਹਰੀ, ਪੰਕਜ ਕਲਿਆਣ ਕਰਨ ਨਾਹਰ, ਦੀਪਕ ਨਾਹਰ, ਰਚਨਾ ਨਾਹਰ, ਸੰਤੋਸ਼ ਰਾਣੀ, ਲਕਸ਼ਮੀ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



# ਪ੍ਰਗਤੀਸ਼ੀਲ ਲੇਖਕ ਸੰਘ ਵਲੋਂ 'ਸਮਾਂਤਰ ਨਜ਼ਰੀਆ' ਰਸਾਲਾ ਕੀਤਾ ਲੋਕ ਅਰਪਣ

**ਬਰਨਾਲਾ (ਚੰਡਿਹੋਕ)** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਬਰਨਾਲਾ ਇਕਾਈ ਵੱਲੋਂ ਸਥਾਨਕ ਬਾਬਾ ਆਲਾ ਸਿੰਘ ਪਾਰਕ ਵਿਖੇ ਪੰਜਾਬੀ ਦੇ ਤ੍ਰੈਮਾਸਿਕ ਪਰਚੇ 'ਸਮਾਂਤਰ ਨਜ਼ਰੀਆ' ਦਾ ਨਵਾਂ ਅੰਕ ਲੋਕ ਅਰਪਣ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਇਕਾਈ ਦੇ ਪ੍ਰਧਾਨ ਡਾ. ਹਰਿਭਗਵਾਨ ਨੇ ਆਪਣਾ ਲਿਖਿਆ ਇੱਕ ਸ਼ਬਦ-ਚਿੱਤਰ 'ਬਰਨਾਲਾ ਦਾ ਕੌਫ਼ੀ ਹਾਊਸ' ਪੜ੍ਹਿਆ ਜੋ ਰੂਪ ਲਾਲ ਬੰਸੀ ਦੀ ਜ਼ਿੰਦਗੀ 'ਤੇ ਅਧਾਰਿਤ ਹੈ। ਇਸ ਮੌਕੇ ਹਾਜ਼ਰ ਲੇਖਕਾਂ ਨੇ ਦੱਸਿਆ ਕਿ ਅੱਠਵੇਂ ਦਹਾਕੇ ਵਿੱਚ ਰੂਪ ਲਾਲ ਬੰਸੀ ਦੀ ਦੁਕਾਨ ਸੰਘਰਸ਼ਸ਼ੀਲ ਵਿਦਿਆਰਥੀਆਂ ਦਾ ਅੱਡਾ ਹੁੰਦੀ ਸੀ ਜਿਹਨਾਂ ਵਿੱਚੋਂ ਅੱਜ ਕੱਲ੍ਹ ਕਈ ਪੰਜਾਬ ਦੀ ਰਾਜਨੀਤੀ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਸੰਪਾਦਕ ਡਾ. ਗੁਲਜ਼ਾਰ ਸਿੰਘ ਪੰਧੇਰ ਦੀ ਨਿਗਰਾਨੀ ਹੇਠ ਛਪਦੇ ਇਸ ਪਰਚੇ ਵਿੱਚ ਪ੍ਰਕਾਸ਼ਿਤ ਰਚਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਸਹਿ-ਸੰਪਾਦਕ ਭੋਲਾ ਸਿੰਘ ਸੰਘੇੜਾ ਨੇ ਦੱਸਿਆ ਕਿ ਸੰਪਾਦਕੀ ਬੋਰਡ ਦੀ ਕੋਸ਼ਿਸ਼ ਹੈ ਹੁੰਦੀ ਹੈ ਕਿ ਪਰੌੜ ਲੇਖਕਾਂ ਦੇ ਨਾਲ-ਨਾਲ ਨਵੇਂ ਲੇਖਕਾਂ ਦੀਆਂ ਚੰਗੀਆਂ ਰਚਨਾਵਾਂ ਨੂੰ ਵੀ ਪ੍ਰਕਾਸ਼ਿਤ ਕੀਤਾ ਜਾਵੇ। ਸਥਾਈ ਕਾਲਮ 'ਇਸ ਅੰਕ ਦਾ ਸ਼ਾਇਰ' ਅਤੇ 'ਮੁਲਾਕਾਤ' ਦੀ ਸਰਾਹਨਾ ਕਰਦਿਆਂ ਡਾ. ਤੇਜਾ ਸਿੰਘ ਤਿਲਕ ਕਿਹਾ ਕਿ 'ਸੰਗਰਾਮੀ ਪਿੰਡ' ਕਾਲਮ ਤਹਿਤ ਕਵੀ ਜਰਨੈਲ ਸਿੰਘ ਅੱਚਰਵਾਲ ਦੀ ਪਿੰਡਾਂ ਬਾਰੇ ਛਪਦੀ ਖੋਜ ਭਰਪੂਰ ਜਾਣਕਾਰੀ ਨੂੰ ਪਾਠਕ ਬਹੁਤ ਸਲਾਹੁੰਦੇ ਹਨ। ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਸ ਵਾਰ 'ਸਵੈ-ਜੀਵਨੀ ਅੰਸ਼' ਕਾਲਮ ਅਧੀਨ ਅਮਰੀਕਾ ਨਿਵਾਸੀ ਕਹਾਣੀਕਾਰ ਕਰਮ ਸਿੰਘ ਮਾਨ ਦੀ ਜੀਵਨੀ ਛਪਣ ਨਾਲ ਨਵੇਂ ਪਾਠਕ ਇਤਿਹਾਸ ਦੀਆਂ ਅਣਪ੍ਰਕਾਸ਼ਿਤ ਘਟਨਾਵਾਂ ਤੋਂ ਜਾਣੂ ਹੋ ਸਕਣਗੇ। ਇਸ ਮੌਕੇ ਉਕਤ ਲੇਖਕਾਂ ਤੋਂ ਬਿਨਾਂ ਡਾ. ਉਜਾਗਰ ਸਿੰਘ ਮਾਨ, ਰਾਮ ਸਰੂਪ ਸ਼ਰਮਾ, ਰਜਿੰਦਰ ਸ਼ੌਕੀ, ਤੇਜਿੰਦਰ ਚੰਡਿਹੋਕ ਅਤੇ ਮੇਜਰ ਸਿੰਘ ਗਿੱਲ ਹਾਜ਼ਰ ਸਨ।



# ਰੇਡੀਓ ਚੜ੍ਹਦੀ ਕਲਾ ਯੂਐੱਸਏ ਵੱਲੋਂ ਰਣਬੀਰ ਕੌਰ ਬੱਲ ਦਾ ਵਿਸ਼ੇਸ਼ ਸਨਮਾਨ

**ਯੂਨੀਅਨ ਸਿਟੀ (ਯੂਐੱਸਏ), 27 ਜੁਲਾਈ (ਰੋਮੀ ਘੜਾਮਾਂ):** ਰੇਡੀਓ ਚੜ੍ਹਦੀ ਕਲਾ ਦੀ ਦੇ ਪ੍ਰਬੰਧਨ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਸਭਿਆਚਾਰਕ ਸਮਾਗਮ 'ਸਾਂਝ ਮਾਵਾਂ ਧੀਆਂ ਦੀ' ਇਸ ਵਾਰ ਵੀ ਸ਼ਾਨਦਾਰ ਰਿਹਾ। ਜਿਸ ਦੌਰਾਨ ਪ੍ਰਬੰਧਕਾਂ ਵੱਲੋਂ ਰਣਬੀਰ ਕੌਰ ਬੱਲ ਦਾ ਉਚੇਚੇ ਤੌਰ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੁੱਖ ਸੰਚਾਲਕ ਜਸਵਿੰਦਰ ਕੌਰ ਨੇ ਦੱਸਿਆ ਕਿ ਸ਼੍ਰੀਮਤੀ ਬੱਲ 10 ਸਾਲਾਂ ਤੋਂ ਲਗਾਤਾਰ 'ਸਾਂਝ ਮਾਵਾਂ ਧੀਆਂ ਦੀ' ਮੁਹਿੰਮ ਦੀ ਸਫਲਤਾ ਲਈ ਅਥਾਹ ਮਿਹਨਤ, ਅਟੱਲ ਸਮਰਪਣ, ਸਿਰੜ ਅਤੇ ਸਿਦਕ ਨਾਲ਼ ਸ਼ਾਨਦਾਰ ਅਗਵਾਈ ਦੇ ਰਹੇ ਹਨ। ਜਿਸ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਖ਼ੂਬਸੂਰਤ ਸਨਮਾਨ ਚਿੰਨ੍ਹ ਅਤੇ ਹੋਰ ਤੋਹਫਿਆਂ ਨਾਲ਼ ਸਨਮਾਨਿਤ ਕੀਤਾ ਗਿਆ। ਜਿਕਰਯੋਗ ਹੈ ਕਿ ਪੰਜਾਬ ਮੂਲ ਦੇ ਸਾਬਕਾ ਪੀਟੀਆਈ ਅਧਿਆਪਕਾ ਸ਼੍ਰੀਮਤੀ ਬੱਲ ਲੰਮੇ ਸਮੇਂ ਤੋਂ ਅਮਰੀਕਾ ਦੇ ਸ਼ਹਿਰ ਯੂਨੀਅਨ ਸਿਟੀ ਵਿੱਚ ਰਹਿ ਰਹੇ ਹਨ। ਉਮਰ ਦੇ 07 ਦਹਾਕੇ ਪਾਰ ਕਰਨ ਦੇ ਬਾਵਜੂਦ ਵੀ ਉੱਥੇ ਪੰਜਾਬ, ਪੰਜਾਬੀ ਅਤੇ ਪੰਜਾਬੀ ਸਭਿਆਚਾਰ ਨਾਲ਼ ਸਬੰਧਤ ਗਤੀਵਿਧੀਆਂ ਵਿੱਚ ਪੂਰੀ ਸ਼ਿੱਦਤ ਨਾਲ਼ ਹਿੱਸਾ ਲੈਂਦੇ ਹਨ ਅਤੇ ਆਪਣੇ ਤਜਰਬਿਆਂ ਨੂੰ ਵੱਖੋ-ਵੱਖ ਸਾਹਿਤਕ ਵਿਧਾਵਾਂ ਵਿੱਚ ਪਰੋ ਕੇ ਸਬੰਧਤ ਪਲੇਟਫਾਰਮਾਂ 'ਤੇ ਸਾਂਝੇ ਕਰਦੇ ਰਹਿੰਦੇ ਹਨ।



# ਦਿਲਦਾਰ ਦਿਸਣ ਵਾਲੇ ਲੋਕ ਤੰਗਦਿਲ ਕਿਉਂ ਹੁੰਦੇ ਹਨ?

ਅੱਜ ਕੱਲ੍ਹ ਸੋਸ਼ਲ ਮੀਡੀਆ ਦਾ ਯੁੱਗ ਹੈ। ਆਮ ਲੋਕਾਂ ਨੂੰ ਸੋਸ਼ਲ ਨੈੱਟਵਰਕਿੰਗ ਰਾਹੀਂ ਜੁੜਨ ਵਿੱਚ ਦੇਰੀ ਨਹੀਂ ਲੱਗਦੀ। ਆਮ ਜਿਹਾ ਇਨਸਾਨ ਵੀ ਆਪਣੇ ਹੱਥ ਵਿੱਚ ਫੜੇ ਫ਼ੋਨ ਰਾਹੀਂ ਹਜ਼ਾਰਾਂ ਲੱਖਾਂ ਲੋਕਾਂ ਤੱਕ ਪਹਿਚਾਣ ਬਣਾ ਕੇ ਉਨ੍ਹਾਂ ਨਾਲ ਸੋਸ਼ਲ ਰਿਸ਼ਤੇ ਜੋੜ ਰਿਹਾ ਹੈ। ਸੋਸ਼ਲ ਮੀਡੀਆ ਦੇ ਆਉਣ ਤੋਂ ਪਹਿਲਾਂ ਅਸੀਂ ਆਪਣੇ ਆਲ਼ੇ ਦੁਆਲ਼ੇ ਵਿੱਚੋਂ ਥੋੜ੍ਹੇ ਜਿਹੇ ਰਿਸ਼ਤੇ ਜਿਵੇਂ ਘਰ ਪਰਿਵਾਰਾਂ ਨਾਲ ਸਬੰਧਤ, ਰਿਸ਼ਤੇਦਾਰਾਂ ਨਾਲ ਜੁੜੇ ਹੋਏ ਅਤੇ ਸਮਾਜਿਕ ਰਿਸ਼ਤੇ ਹੀ ਬਣਾਉਂਦੇ ਸੀ। ਇਹ ਰਿਸ਼ਤੇ ਦਿਲਦਾਰੀਆਂ ਦੇ ਰਿਸ਼ਤੇ ਹੁੰਦੇ ਸਨ। ਇਹ ਰਿਸ਼ਤੇ ਮਿਲ਼ ਵਰਤ ਕੇ ਬਣਾਏ ਹੋਏ ਹੁੰਦੇ ਸਨ। ਇਹ ਰਿਸ਼ਤੇ ਚਾਹੇ ਥੋੜ੍ਹੇ ਹੁੰਦੇ ਸਨ ਪਰ ਸੱਚੇ ਅਤੇ ਉਮਰਾਂ ਤੱਕ ਨਿਭਣ ਵਾਲ਼ੇ ਰਿਸ਼ਤੇ ਹੁੰਦੇ ਸਨ। ਇਹਨਾਂ ਰਿਸ਼ਤਿਆਂ ਵਿੱਚ ਪਵਿੱਤਰਤਾ ਅਤੇ ਪਿਆਰ ਮੁਹੱਬਤ ਦਾ ਭਾਵ ਠਾਠਾਂ ਮਾਰਦਾ ਹੁੰਦਾ ਸੀ। ਵਿਵਹਾਰਿਕ ਦਿਲਦਾਰੀਆਂ ਨਾ਼ਲ ਜੁੜੇ ਇਹਨਾਂ ਰਿਸ਼ਤਿਆਂ ਵਿੱਚ ਇੱਕ ਦੂਜੇ ਨੂੰ ਧੋਖਾ ਦੇਣ ਦੀ ਤਾਂ ਕਦੇ ਸੰਭਾਵਨਾ ਹੀ ਪੈਦਾ ਨਹੀਂ ਹੁੰਦੀ ਸੀ। ਸਗੋਂ ਇਹ ਰਿਸ਼ਤੇ ਇੱਕ ਦੂਜੇ ਉੱਤੇ ਜਾਨ ਵਾਰਨ ਵਾਲੇ ਰਿਸ਼ਤੇ ਸਾਬਤ ਹੁੰਦੇ ਸਨ। ਇਨ੍ਹਾਂ ਰਿਸ਼ਤਿਆਂ ਵਿੱਚ ਪਾਰਦਰਸ਼ਤਾ ਬਹੁਤ ਹੁੰਦੀ ਸੀ। ਜ਼ੁਬਾਨ ਦੇ ਪੱਕੇ ਲੋਕ ਹੁੰਦੇ ਸਨ। ਜੋ ਵਾਅਦਾ ਕਰਦੇ ਸਨ ਉਸ ਗੱਲ ਨੂੰ ਆਪਣੇ ਆਪ ਨੂੰ ਮੁਸੀਬਤ ਵਿੱਚ ਪਾ ਕੇ ਤੋੜ ਨਿਭਾਉਂਦੇ ਸਨ। ਇਹਨਾਂ ਰਿਸ਼ਤਿਆਂ ਦਾ ਸ਼ਿੰਗਾਰ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ ਦੀ ਸ਼ਰਮ ਤੇ ਹਯਾ ਹੁੰਦੇ ਸਨ। ਇਸ ਲਈ ਸਾਰੇ ਲੋਕ ਹੀ ਖੁੱਲ੍ਹ ਕੇ ਰਿਸ਼ਤੇ ਨਿਭਾਉਣ ਦੇ ਨਾਲ ਨਾਲ ਉਹਨਾਂ ਨੂੰ ਖੁੱਲ੍ਹਦਿਲੀ ਨਾਲ ਜਿਊਂਦੇ ਸਨ। ਅੱਜ ਕੱਲ੍ਹ ਸੋਸ਼ਲ ਮੀਡੀਆ ਰਾਹੀਂ ਬਿਨਾਂ ਜਾਣ ਪਛਾਣ ਦੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨਾ਼ਲ ਬਣੇ ਹੋਏ ਰਿਸ਼ਤੇ ਐਨੇ ਕੁ ਕੱਚੇ ਹਨ ਕਿ ਕਈ ਲੋਕ ਤਾਂ ਇਹਨਾਂ ਵਿੱਚੋਂ ਚੁਣ ਚੁਣ ਕੇ ਕੁਝ ਕੁ ਲੋਕਾਂ ਨਾ਼ਲ ਰਿਸ਼ਤੇ ਬਣਾਉਂਦੇ ਹਨ, ਸਵੇਰੇ ਰਿਸ਼ਤਾ ਬਣਾਉਣ ਵਾ਼ਲਾ ਬਹੁਤ ਦਿਲਦਾਰ ਬੰਦਾ ਲੱਗਦਾ ਹੈ ਤੇ ਕੁਝ ਘੰਟਿਆਂ ਦੀ ਗੱਲ ਬਾਤ ਤੇ ਵਿਵਹਾਰ ਤੋਂ ਹੀ ਉਸ ਦੀ ਦਿਲਦਾਰੀ ਤੰਗ ਦਿਲੀ ਵਿੱਚ ਬਦਲੀ ਹੋਈ ਨਜ਼ਰ ਆਉਂਦੀ ਹੈ ਤੇ ਇਨ੍ਹਾਂ ਰਿਸ਼ਤਿਆਂ ਦੀ ਉਮਰ ਕੁਝ ਘੰਟੇ ਜਾਂ ਕੁਝ ਦਿਨ ਦੀ ਹੁੰਦੀ ਹੈ। ਸੋਸ਼ਲ ਮੀਡੀਆ ਤੇ ਚੋਰੀ ਛਿਪੇ ਰਿਸ਼ਤੇ ਬਣਾਉਣ ਤੇ ਫਿਰ ਕੁਝ ਘੰਟਿਆਂ ਵਿੱਚ ਹੀ ਤੋੜਨ ਲੱਗੇ ਬਿਨਾਂ ਕਾਰਨ ਦੱਸੇ ਹੀ ਦਫ਼ਨ ਹੋ ਜਾਂਦੇ ਹਨ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਇਹੋ ਜਿਹੇ ਲੋਕਾਂ ਅੰਦਰੋਂ ਸਮਾਜ ਦੀ ਲੱਜ ਤੇ ਹਯਾ ਦਾ ਡਰ ਨਹੀਂ ਹੁੰਦਾ ,ਧੋਖਾ ਫ਼ਰੇਬ ਤੇ ਸਵਾਰਥ ਭਾਰੂ ਹੁੰਦੇ ਹਨ। ਉਹ ਲੋਕ ਨੈਤਿਕ ਕਦਰਾਂ ਕੀਮਤਾਂ ਤੋਂ ਵਿਹੂਣੇ ਲੋਕ ਹੁੰਦੇ ਹਨ, ਉਨ੍ਹਾਂ ਅੰਦਰ ਉਦਾਰਤਾ ਦੀ ਭਾਵਨਾ ਮਰ ਚੁੱਕੀ ਹੁੰਦੀ ਹੈ। ਉਹ ਲੋਕ ਮੈਸੇਜ ਬਾਕਸਾਂ ਅੰਦਰ ਬੰਦ ਬਾਤਚੀਤ ਰਾਹੀਂ ਆਪਣੀ ਤੰਗਦਿਲੀ ਦਾ ਪ੍ਰਗਟਾਵਾ ਕਰਕੇ ਫਿਰ ਤੋਂ ਦੁਨੀਆਂ ਵਿੱਚ ਬੜੇ ਦਿਲਦ-ਾਰ ਬਣ ਕੇ ਘੁੰਮਦੇ ਨਜ਼ਰ ਆਉਂਦੇ ਹਨ।


ਅਸਲ ਵਿੱਚ ਇਨਸਾਨ ਦੀ ਸ਼ਖ਼ਸੀਅਤ ਨੂੰ ਸਿਰਫ਼ ਉਸਦੇ ਕੰਮਕਾਜ ,ਪਹਿਰਾਵੇ, ਮੁਸਕਰਾਹਟ ਜਾਂ ਮਿੱਠੀਆਂ ਗੱਲਾਂ ਨਾਲ ਨਹੀਂ ਪਰਖਿਆ ਜਾ ਸਕਦਾ। ਕਈ ਵਾਰ ਜੋ ਲੋਕ ਬਾਹਰੋਂ ਬਹੁਤ ਖੁੱਲ੍ਹੇ ਦਿਲ ਵਾਲੇ, ਹੱਸਮੁੱਖ ਅਤੇ ਹਰ ਕਿਸੇ ਨਾਲ ਪਿਆਰ ਨਾਲ ਪੇਸ਼ ਆਉਂਦੇ ਦਿਸਦੇ ਹਨ, ਉਹੀ ਕਿਸੇ ਮੌਕੇ 'ਤੇ ਬਹੁਤ ਤੰਗਦਿਲ, ਈਰਖਾਲੂ ਜਾਂ ਸਵਾਰਥੀ ਨਿਕਲਦੇ ਹਨ। ਅਕਸਰ ਸੋਸ਼ਲ ਮੀਡੀਆ ਤੇ ਦਿਲਦਾਰੀ ਨਾ਼ਲ ਦਿਖਾਵਾ ਕਰਨ ਵਾਲੇ ਲੋਕ ਅਸਲੀਅਤ ਵਿੱਚ ਬਹੁਤ ਹੀ ਸੌੜੀ ਮਾਨਸਿਕਤਾ ਦੇ ਮਾਲਕ ਪਾਏ ਜਾਂਦੇ ਹਨ।

ਇਹ ਵਿਰੋਧਾਭਾਸ ਅੱਜ ਦੇ ਸਮਾਜ ਵਿੱਚ ਅਕਸਰ ਹੀ ਵੇਖਣ ਨੂੰ ਮਿਲਦਾ ਹੈ। ਇਸ ਕਰਕੇ ਸਵਾਲ ਉੱਠਦਾ ਹੈ ਕਿ ਆਖ਼ਰ ਅਜਿਹਾ ਕਿਉਂ ਹੁੰਦਾ ਹੈ? ਦਿਲਦਾਰੀ ਸਿਰਫ਼ ਮੁਸਕਰਾਉਣ ਜਾਂ ਖੁੱਲ੍ਹ ਕੇ ਗੱਲ ਕਰਨ ਦਾ ਨਾਮ ਨਹੀਂ ਹੈ ਸਗੋਂ ਅਸਲੀ ਦਿਲਦਾਰੀ ਤਾਂ ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ ਹੋਣਾ, ਉਹਨਾਂ ਦੀ ਕਾਮਯਾਬੀ 'ਤੇ ਦਿਲੋਂ ਵਧਾਈ ਦੇਣਾ, ਗਲਤੀਆਂ ਨੂੰ ਮਾਫ਼ ਕਰਨਾ, ਖੁੱਲ੍ਹ ਕੇ ਪੇਸ਼ ਆਉਣਾ ਅਤੇ ਲੋੜ ਪੈਣ 'ਤੇ ਨਿਸ਼ਕਾਮ ਮਦਦ ਕਰਨਾ ਹੈ।

ਪਰ ਕਈ ਲੋਕ ਦੁਨੀਆਂ ਵਿੱਚ ਆਪਣੀ ਚੰਗੀ ਪਹਿਚਾਣ ਬਣਾਉਣ ਲਈ ਬਹੁਤ ਦਿਲਦਾਰ ਹੋਣ ਦਾ ਸਿਰਫ਼ ਦਿਖਾਵਾ ਕਰਦੇ ਹਨ। ਜਦੋਂ ਉਹਨਾਂ ਦੇ ਆਪਣੇ ਹਿੱਤਾਂ ਨੂੰ ਥੋੜ੍ਹਾ ਜਿਹਾ ਵੀ ਨੁਕਸਾਨ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ, ਤਾਂ ਉਹਨਾਂ ਦੀ ਅਸਲੀ ਸੋਚ ਸਾਹਮਣੇ ਆ ਜਾਂਦੀ ਹੈ ਤੇ ਆਪਣੀ ਤੰਗਦਿਲੀ ਦਾ ਪ੍ਰਗਟਾਵਾ ਕਰਦੇ ਹੋਏ ਦੂਜਿਆਂ ਦੀਆਂ ਭਾਵਨਾਵਾਂ ਨਾ਼ਲ ਖੇਡ ਜਾਂਦੇ ਹਨ।

ਕਈ ਵਾਰ ਇਸ ਦਾ ਕਾਰਨ ਅੰਦਰਲੀ ਅਸੁਰੱਖਿਆ ਦੀ ਭਾਵਨਾ ਵੀ ਹੁੰਦੀ ਹੈ। ਜੋ ਵਿਅਕਤੀ ਆਪਣੇ ਆਪ ਨੂੰ ਦੂਜਿਆਂ ਨਾਲੋਂ ਘਟੀਆ ਸਮਝਦਾ ਹੈ ਜਾਂ ਫਿਰ ਦੂਜਿਆਂ ਨੂੰ ਖ਼ੁਦ ਨਾ਼ਲੋਂ ਘਟੀਆ ਸਮਝਦਾ ਹੈ,ਉਹ ਬਾਹਰੋਂ ਤਾਂ ਵੱਡੇ ਦਿਲ ਵਾਲਾ ਦਿਸਣ ਦੀ ਕੋਸ਼ਿਸ਼ ਕਰਦਾ ਹੈ, ਪਰ ਜਿਵੇਂ ਹੀ ਕਿਸੇ ਹੋਰ ਨੂੰ ਤਰੱਕੀ ਕਰਦਾ ਵੇਖਦਾ ਹੈ, ਉਸਦੇ ਮਨ ਵਿੱਚ ਈਰਖਾ ਪੈਦਾ ਹੋ ਜਾਂਦੀ ਹੈ। ਇਹ ਈਰਖਾ ਹੌਲੀ-ਹੌਲੀ ਤੰਗਦਿਲੀ ਦਾ ਰੂਪ ਧਾਰ ਲੈਂਦੀ ਹੈ। ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਨੇ ਵੀ ਇਸ ਰੁਝਾਨ ਨੂੰ ਵਧਾਇਆ ਹੈ। ਲੋਕ ਆਪਣੀ ਕੰਮਕਾਜ ,ਉਦਾਰਤਾ, ਦਾਨ-ਪੁੰਨ ਜਾਂ ਮਦਦ ਦੇ ਪਲਾਂ ਨੂੰ ਤਸਵੀਰਾਂ ਅਤੇ ਵੀਡੀਓਜ਼ ਰਾਹੀਂ ਦਿਖਾਉਂਦੇ ਹਨ। ਇਹ ਜ਼ਰੂਰੀ ਨਹੀਂ ਕਿ ਹਰ ਵਿਅਕਤੀ ਦਿਖਾਵੇ ਲਈ ਹੀ ਕਰਦਾ ਹੋਵੇ, ਪਰ ਕਈ ਵਾਰ ਬਾਹਰੀ ਚਮਕ-ਦਮਕ ਅਸਲ ਸੁਭਾਅ ਨੂੰ ਓਹਲੇ ਕਰ ਦਿੰਦੀ ਹੈ। ਇਨਸਾਨ ਦੀ ਅਸਲੀਅਤ ਉਸ ਵੇਲੇ ਸਾਹਮਣੇ ਆਉਂਦੀ ਹੈ ਜਦੋਂ ਉਸ ਨੂੰ ਕਿਸੇ ਤੋਂ ਕੋਈ ਲਾਭ ਨਾ ਮਿਲਣਾ ਹੋਵੇ। ਤੰਗਦਿਲੀ ਦੀ ਇੱਕ ਹੋਰ ਵਜ੍ਹਾ ਬਹੁਤ ਜ਼ਿਆਦਾ ਸਵਾਰਥ ਵੀ ਹੈ। ਜਦੋਂ ਇਨਸਾਨ ਹਰ ਰਿਸ਼ਤੇ ਨੂੰ ਆਪਣੇ ਫਾਇਦੇ-ਨੁਕਸਾਨ ਦੀ ਤਰਾਜ਼ੂ ਵਿੱਚ ਤੋਲਣ ਲੱਗ ਪੈਂਦਾ ਹੈ, ਤਾਂ ਉਸ ਦੀ ਦਿਲਦਾਰੀ ਸੋਸ਼ਲ ਮੀਡੀਆ ਦੀਆਂ ਕੰਧਾਂ ਉੱਤੇ ਸਿਰਫ਼ ਸ਼ਬਦਾਂ ਅਤੇ ਫੋਟੋਆਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਉਹ ਦੂਜਿਆਂ ਨੂੰ ਉਦੋਂ ਤੱਕ ਹੀ ਪਸੰਦ ਕਰਦਾ ਹੈ, ਜਦੋਂ ਤੱਕ ਉਹ ਵਿਅਕਤੀ ਉਸਦੇ ਹਿੱਤਾਂ ਦੇ ਅਨੁਕੂਲ ਹੋਵੇ।

ਇਸਦੇ ਉਲਟ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਬਹੁਤ ਸਾਦੇ, ਘੱਟ ਬੋਲਣ ਵਾਲੇ ਜਾਂ ਸਖ਼ਤ ਸੁਭਾਅ ਦੇ ਦਿਸਦੇ ਹਨ, ਪਰ ਅੰਦਰੋਂ ਬਹੁਤ ਹੀ ਵਿਸ਼ਾਲ ਦਿਲ ਦੇ ਮਾਲਕ ਹੁੰਦੇ ਹਨ। ਉਹ ਆਪਣੀ ਨੇਕੀ ਦਾ ਰੌ਼ਲਾ ਨਹੀਂ ਪਾਉਂਦੇ। ਉਹਨਾਂ ਦੀ ਮਦਦ ਚੁੱਪਚਾਪ ਹੁੰਦੀ ਹੈ ਅਤੇ ਉਹ ਕਿਸੇ ਤੋਂ ਸ਼ਲਾਘਾ ਦੀ ਉਮੀਦ ਵੀ ਨਹੀਂ ਰੱਖਦੇ। ਇਹੋ ਜਿਹੇ ਲੋਕ ਦੂਜਿਆਂ ਨਾ਼ਲ ਬਣਾਏ ਰਿਸ਼ਤੇ ਵੀ ਖ਼ੂਬ ਦਿਲਦਾਰੀ ਨਾ਼ਲ ਨਿਭਾਉਂਦੇ ਹਨ। ਅਜਿਹੇ ਲੋਕ ਸਮਾਜ ਦੀ ਅਸਲੀ ਪੂੰਜੀ ਹੁੰਦੇ ਹਨ। ਇਸ ਲਈ ਕਿਸੇ ਵੀ ਵਿਅਕਤੀ ਬਾਰੇ ਸਿਰਫ਼ ਪਹਿਲੀ ਨਜ਼ਰ ਵਿੱਚ ਕੋਈ ਰਾਇ ਨਹੀਂ ਬਣਾਉਣੀ ਚਾਹੀਦੀ। ਸਮਾਂ ਹੀ ਉਹ ਕਸੌਟੀ ਹੈ ਜੋ ਇਨਸਾਨ ਦੇ ਚਰਿੱਤਰ ਨੂੰ ਪਰਖਦਾ ਹੈ। ਅਸਲ ਦਿਲਦਾਰ ਉਹ ਨਹੀਂ ਜੋ ਹਰ ਵੇਲੇ ਆਪਣੇ ਆਪ ਨੂੰ ਉਦਾਰ ਸਾਬਤ ਕਰਨ ਦੀ ਕੋਸ਼ਿਸ਼ ਕਰੇ, ਸਗੋਂ ਉਹ ਹੈ ਜੋ ਦੂਜਿਆਂ ਦੀ ਖੁਸ਼ੀ ਵਿੱਚ ਆਪਣੀ ਖੁਸ਼ੀ ਲੱਭੇ, ਕਿਸੇ ਦੀ ਤਰੱਕੀ ਤੋਂ ਨਾ ਸੜੇ ਅਤੇ ਹਰ ਹਾਲਤ ਵਿੱਚ ਇਨਸਾਨੀਅਤ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਪਹਿਲ ਦੇਵੇ। ਦਿਲਦਾਰੀ ਚਿਹਰੇ 'ਤੇ ਨਹੀਂ, ਚਰਿੱਤਰ ਵਿੱਚ ਵੱਸਦੀ ਹੈ। ਸੋਸ਼ਲ ਮੀਡੀਆ ਰਾਹੀਂ ਬਾਹਰੀ ਦਿਖਾਵਾ ਕੁਝ ਸਮੇਂ ਲਈ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਇਨਸਾਨ ਦਾ ਅਸਲੀ ਦਿਲ ਉਸਦੇ ਵਿਹਾਰ, ਸੋਚ ਅਤੇ ਔਖੇ ਸਮੇਂ ਵਿੱਚ ਕੀਤੇ ਕਰਮਾਂ ਰਾਹੀਂ ਹੀ ਪਛਾਣਿਆ ਜਾਂਦਾ ਹੈ। ਇਸ ਲਈ ਸਾਨੂੰ ਦਿਲਦਾਰ ਦਿਸਣ ਦੀ ਨਹੀਂ, ਸੱਚਮੁੱਚ ਦਿਲਦਾਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤਦ ਹੀ ਸਾਡੇ ਰਿਸ਼ਤੇ ਮਜ਼ਬੂਤ ਹੋਣਗੇ ਅਤੇ ਸਮਾਜ ਵਿੱਚ ਆਪਸੀ ਵਿਸ਼ਵਾਸ, ਪਿਆਰ ਅਤੇ ਸਾਂਝ ਦੀ ਭਾਵਨਾ ਹੋਰ ਵੀ ਮਜ਼ਬੂਤ ਹੋਵੇਗੀ। ਨਹੀਂ ਤਾਂ ਇੱਕ ਦੋਸਤ ਨਾਲ ਕੀਤਾ ਤੁਹਾਡਾ ਗ਼ਲਤ ਵਿਹਾਰ ਉਸੇ ਦੁਆਰਾ ਤੁਹਾਡੇ ਕਈ ਹੋਰ ਜਾਣ ਪਛਾਣ ਦੇ ਲੋਕਾਂ ਤੱਕ ਪਹੁੰਚਦਾ ਹੀ ਪਹੁੰਚਦਾ ਹੈ ਤੇ ਸਮਾਜ ਵਿੱਚ ਛਵੀ ਖ਼ਰਾਬ ਹੁੰਦੀ ਹੈ। ਸੋਸ਼ਲ ਮੀਡੀਆ ਨੂੰ ਨਿਰਾ ਆਪਣੀ ਝੂਠੀ ਦਿਲਦਾਰੀ ਵਾ਼ਲੀ ਸ਼ਖ਼ਸੀਅਤ ਦਿਖਾਉਣ ਦਾ ਜ਼ਰੀਆ ਨਹੀਂ ਬਣਾਉਂਣਾ ਚਾਹੀਦਾ। ਇਹ ਵੀ ਨਹੀਂ ਸੋਚਣਾ ਚਾਹੀਦਾ ਕਿ ਇੱਥੇ ਬਣੇ ਰਿਸ਼ਤਿਆਂ ਦੀ ਕਿਹੜਾ ਕਿਸੇ ਨੂੰ ਭਿਣਕ ਲੱਗਣੀ ਹੈ,ਇਹ ਸੋਚ ਕੇ ਆਪਣੀ ਘਟੀਆ ਮਾਨਸਿਕਤਾ ਦਿਖਾ ਕੇ ਤੰਗਦਿਲੀ ਦਾ ਪ੍ਰਗਟਾਵਾ ਨਾ ਕਰੋ। ਸਗੋਂ ਆਪਣੇ ਅਤੇ ਆਪਣੇ ਨਾਲ ਵਰਤਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਜੋ ਤੁਸੀਂ ਹੋ ਉਸ ਤਰ੍ਹਾਂ ਦਾ ਵਰਤਾਓ ਕਰੋਗੇ ਤਾਂ ਤੁਹਾਡੀਆਂ ਥੋੜ੍ਹੀਆਂ ਬਹੁਤੀਆਂ ਕਮੀਆਂ ਪੇਸ਼ੀਆਂ ਵਿੱਚ ਵੀ ਸੁਧਾਰ ਹੋ ਕੇ ਤੁਸੀਂ ਦਿਲਦਾਰ ਇਨਸਾਨ ਬਣ ਸਕਦੇ ਹੋ।



**ਬਰਜਿੰਦਰ ਕੌਰ ਬਿਸਰਾਓ...**
9988901324

# ਲੰਡਨ 'ਚ ਭਾਰਤੀ ਵਿਦਿਆਰਥੀਆਂ ਦੀ ਇਤਿਹਾਸਕ ਜਿੱਤ ਦੇ ਜਸ਼ਨ ਲਈ ਹਜ਼ਾਰਾਂ ਦਾ ਇਕੱਠ, ਸਿੱਖਿਆ ਸੁਧਾਰਾਂ ਅਤੇ ਲੋਕਤੰਤਰੀ ਹੱਕਾਂ ਲਈ ਗੂੰਜੀ ਆਵਾਜ਼

## ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਬਿਹਾਰ ਵਿੱਚ ਪੁਲਿਸ ਜ਼ਬਰ ਦੀ ਸਖ਼ਤ ਨਿੰਦਾ

**ਲੰਡਨ, 27 ਜੁਲਾਈ:** ਭਾਰਤ ਦੇ ਵਿਦਿਆਰਥੀ ਅੰਦੋਲਨ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਐਤਵਾਰ ਨੂੰ ਲੰਡਨ ਦੇ ਟਰਾਫ਼ਲਗਰ ਸਕੁਆਇਰ ਵਿੱਚ ਹਜ਼ਾਰਾਂ ਲੋਕ ਇਕੱਠੇ ਹੋਏ, ਜਿੱਥੋਂ ਇੱਕ ਵਿਸ਼ਾਲ ਅਤੇ ਸ਼ਾਂਤਮਈ ਮਾਰਚ ਭਾਰਤੀ ਹਾਈ ਕਮਿਸ਼ਨ ਤੱਕ ਕੱਢਿਆ ਗਿਆ। ਇਸ ਨੂੰ ਬਰਤਾਨੀਆ ਵਿੱਚ ਭਾਰਤ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਹੋਏ ਸਭ ਤੋਂ ਵੱਡੇ ਇਕੱਠਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ। ਸਾਊਥ ਏਸ਼ੀਆ ਸੋਲਿਡੈਰਿਟੀ ਗਰੁੱਪ ਵੱਲੋਂ ਆਯੋਜਿਤ ਲੰਡਨ ਡੇ ਆਫ਼ ਐਕਸ਼ਨ ਵਿੱਚ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ), ਯੂਕੇ ਇੰਡੀਅਨ ਮੁਸਲਿਮ ਕੌਂਸਲ, ਹਿੰਦੂਜ਼ ਫਾਰ ਹਿਊਮਨ ਰਾਈਟਸ ਯੂਕੇ, ਸਟਰਾਈਵ ਯੂਕੇ, ਸਵਾਗਥਮ ਸਮੇਤ ਕਈ ਸਮਾਜਿਕ, ਵਿਦਿਆਰਥੀ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਹਿੱਸਾ ਲਿਆ।

ਪ੍ਰਦਰਸ਼ਨਕਾਰੀਆਂ ਨੇ ਭਾਰਤ ਦੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨੂੰ ਵਿਦਿਆਰਥੀਆਂ ਦੀ ਲੋਕਤੰਤਰੀ ਲੜਾਈ ਦੀ ਇੱਕ ਇਤਿਹਾਸਕ ਜਿੱਤ ਕਰਾਰ ਦਿੰਦਿਆਂ ਇਸ ਦਾ ਸਵਾਗਤ ਕੀਤਾ। ਇਸ ਦੇ ਨਾਲ ਹੀ ਬੁਲਾਰਿਆਂ ਨੇ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਪਾਰਦਰਸ਼ਤਾ, ਜਵਾਬਦੇਹੀ, ਭ੍ਰਿਸ਼ਟਾਚਾਰ ਦਾ ਖ਼ਾਤਮਾ ਅਤੇ ਲੋਕਤੰਤਰੀ ਹੱਕਾਂ ਦੀ ਰੱਖਿਆ ਲਈ ਸੰਘਰਸ਼ ਅਜੇ ਜਾਰੀ ਰਹੇਗਾ।

ਟਰਾਫ਼ਲਗਰ ਸਕੁਆਇਰ ਵਿੱਚ ਜਨ ਸਭਾ ਤੋਂ ਬਾਅਦ ਹਜ਼ਾਰਾਂ ਲੋਕਾਂ ਨੇ ਭਾਰਤੀ ਹਾਈ ਕਮਿਸ਼ਨ ਤੱਕ ਮਾਰਚ ਕੀਤਾ, ਜਿੱਥੇ ਸਾਊਥ ਏਸ਼ੀਆ ਸੋਲਿਡੈਰਿਟੀ ਗਰੁੱਪ ਦੀ ਕਲਪਨਾ ਵਿਲਸਨ, ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਸੀਤਲ ਸਿੰਘ ਗਿੱਲ ਅਤੇ ਸਲਵਿੰਦਰ ਸਿੰਘ ਢਿੱਲੋਂ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸੰਬੋਧਨ ਕੀਤਾ।

ਆਪਣੇ ਸੰਬੋਧਨ ਵਿੱਚ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਭਾਰਤ ਦੇ ਵਿਦਿਆਰਥੀਆਂ ਨੇ ਆਪਣੀ ਏਕਤਾ, ਦ੍ਰਿੜਤਾ ਅਤੇ ਸ਼ਾਂਤਮਈ ਸੰਘਰਸ਼ ਰਾਹੀਂ ਇਤਿਹਾਸਕ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਮੰਤਰੀ ਦੇ ਅਸਤੀਫ਼ੇ ਦੀ ਗੱਲ ਨਹੀਂ, ਸਗੋਂ ਲੋਕਤੰਤਰ ਦੀ ਜਿੱਤ ਹੈ। ਉਨ੍ਹਾਂ ਨੇ ਬਿਹਾਰ ਵਿੱਚ ਵਿਦਿਆਰਥੀਆਂ ਅਤੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਹੋਏ ਲਾਠੀਚਾਰਜ, ਅੱਥਰੂ ਗੈਸ ਅਤੇ ਪੁਲਿਸ ਗੋਲੀਬਾਰੀ ਦੀਆਂ ਰਿਪੋਰਟਾਂ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਦਾ ਸੁਤੰਤਰ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ ਅਤੇ ਜੇਕਰ ਕਿਸੇ ਵੱਲੋਂ ਗੈਰ-ਕਾਨੂੰਨੀ ਤਾਕਤ ਦੀ ਵਰਤੋਂ ਕੀਤੀ ਗਈ ਹੈ ਤਾਂ ਉਸ ਲਈ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ।

ਸੀਤਲ ਸਿੰਘ ਗਿੱਲ ਨੇ ਕਿਹਾ, "ਇਹ ਜਿੱਤ ਭਾਰਤ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਹੈ। ਪਰ ਸਿਰਫ਼ ਇੱਕ ਅਸਤੀਫ਼ਾ ਕਾਫ਼ੀ ਨਹੀਂ। ਜਦੋਂ ਤੱਕ ਸਿੱਖਿਆ ਸੁਧਾਰ, ਜਵਾਬਦੇਹੀ, ਲੋਕਤੰਤਰੀ ਹੱਕਾਂ ਦੀ ਰੱਖਿਆ ਅਤੇ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਰਹੇਗੀ।" ਅੰਤ ਵਿੱਚ ਸਾਰੀਆਂ ਜਥੇਬੰਦੀਆਂ ਨੇ ਲੋਕਤੰਤਰ, ਸਮਾਜਿਕ ਨਿਆਂ, ਮਨੁੱਖੀ ਅਧਿਕਾਰਾਂ ਅਤੇ ਅੰਤਰਰਾਸ਼ਟਰੀ ਏਕਤਾ ਲਈ ਆਪਣੇ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਦਾ ਅਹਿਦ ਦੁਹਰਾਇਆ।


























# ਅਰਵਿੰਦਰ ਸਿੰਘ ਭੱਟੀ ਦਾ ਕੈਨੇਡਾ ਪੁੱਜਣ ਤੇ ਭਰਵਾਂ ਸਵਾਗਤ

**ਵੈਨਕੂਵਰ, ਜਲਾਈ (ਮਲਕੀਤ ਸਿੰਘ)–** ਦੂਰਦਰਸ਼ਨ ਤੇ ਲੰਬਾ ਸਮਾਂ ਨਿਊਜ਼ ਰੀਡਰ ਵਜੋਂ ਸੇਵਾਵਾਂ ਨਿਭਾ ਚੁੱਕੇ ਆਮ ਆਦਮੀ ਪਾਰਟੀ ਦੇ ਸਰਗਰਮ ਆਗੂ ਅਰਵਿੰਦਰ ਸਿੰਘ ਭੱਟੀ ਦਾ ਕੈਨੇਡਾ ਦੇ ਵਿਨੀਪੈਗ ਸ਼ਹਿਰ ਵਿੱਚ ਪਹੁੰਚਣ ਤੇ ਉਨਾਂ ਦੇ ਰਿਸ਼ਤੇਦਾਰਾਂ ਅਤੇ ਹੋਰਨਾਂ ਸੱਜਣਾਂ ਮਿੱਤਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਇਸ ਦੌਰਾਨ ਇਸ ਪੱਤਰਕਾਰ ਨਾਲ ਫੋਨ ਤੇ ਗੱਲਬਾਤ ਕਰਦਿਆਂ ਭੱਟੀ ਨੇ ਕਿਹਾ ਕਿ ਉਹ ਆਪਣੇ ਨਿੱਜੀ ਵਿਆਹ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਕੈਨੇਡਾ ਪਹੁੰਚੇ ਹਨ ਜਿੱਥੇ ਉਨਾਂ ਦੇ ਰਿਸ਼ਤੇਦਾਰਾਂ ਸਮੇਤ ਪੰਜਾਬੀ ਭਾਈਚਾਰੇ ਦੇ ਹੋਰਨਾਂ ਲੋਕਾਂ ਵੱਲੋਂ ਉਨਾਂ ਨੂੰ ਭਰਪੂਰ ਪਿਆਰ ਅਤੇ ਸਤਿਕਾਰ ਨਾਲ ਨਿਵਾਜ਼ਿਆ ਗਿਆ ਹੈ। ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਲੋਕ ਪੂਰੀ ਤਰ੍ਹਾਂ ਸੰਤੁਸ਼ਟ ਹਨ ਅਤੇ 2027 ਦੀਆਂ ਚੋਣਾਂ 'ਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਨੀ ਤੈਅ ਹੈ ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੰਜਾਬੀ ਫਿਲਮਾਂ ਦੇ ਉੱਘੇ ਅਦਾਕਾਰ ਅਤੇ ਨਿਰਮਾਤਾ ਗੁਰਮੀਤ ਸਾਜਨ ਸਮੇਤ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਰ ਸਨ।



ਆਪਣੇ ਸਾਥੀਆਂ ਸਮੇਤ ਅਰਵਿੰਦਰ ਸਿੰਘ ਭੱਟੀ ਅਤੇ ਗੁਰਮੀਤ ਸਾਜਨ ਦੀ ਇੱਕ ਸਾਂਝੀ ਤਸਵੀਰ

# ਚਿੱਤਰਕਾਰਾਂ ਨੇ ਬਣਾਏ ਕੁਦਰਤੀ ਨਜਾਰਿਆਂ ਵਾਲੇ ਖੂਬਸੂਰਤ ਚਿੱਤਰ




ਸਮੁੰਦਰ ਕਿਨਾਰੇ ਚਿਤਰ ਬਣਾਉਣ 'ਚ ਮਸ਼ਰੂਫ ਇੱਕ ਚਿੱਤਰਕਾਰ

**ਵੈਨਕੂਵਰ, 27 ਜੁਲਾਈ (ਮਲਕੀਤ ਸਿੰਘ)** – ਸਾਊਥ ਸਰੀ ਅਤੇ ਵ੍ਹਾਈਟ ਰੌਕ ਖੇਤਰ ਵਿੱਚ ਸਥਾਨਕ ਚਿੱਤਰਕਾਰਾਂ ਨੇ ਸਮੂਹਿਕ ਤੌਰ ਤੇ ਇਕੱਤਰ ਹੋ ਕੇ ਖੁੱਲ੍ਹੇ ਆਸਮਾਨ ਹੇਠ ਕੁਦਰਤੀ ਨਜ਼ਾਰਿਆਂ ਵਾਲੇ ਖੂਬਸੂਰਤ ਚਿੱਤਰ ਬਣਾਏ ਸੇਮੀਆਮੂ ਆਰਟ ਸੁਸਾਇਟੀ ਵੱਲੋਂ ਕਰਵਾਏ ਗਏ 'ਪੇਂਟ ਦਾ ਟਾਊਨ' ਸਮਾਗਮ ਤਹਿਤ ਵੱਡੀ ਗਿਣਤੀ ਚ ਪੁੱਜੇ ਵੱਖ ਵੱਖ ਚਿਤਰਕਾਰਾਂ ਨੇ ਸਾਊਥ ਸਰੀ ਦੇ ਐਲਗਿਨ ਹੈਰਿਟੇਜ ਪਾਰਕ ਅਤੇ ਵ੍ਹਾਈਟ ਰੌਕ ਦੇ ਸੁੰਦਰ ਸਮੁੰਦਰੀ ਇਲਾਕਿਆਂ ਵਿੱਚ ਬੈਠ ਕੇ ਕੁਦਰਤੀ ਦ੍ਰਿਸ਼ਾਂ, ਸਮੁੰਦਰੀ ਤੱਟ, ਕਿਸ਼ਤੀਆਂ ਅਤੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਆਪਣੀਆਂ ਪੇਂਟਿੰਗਾਂ ਵਿੱਚ ਖੂਬਸੂਰਤ ਰੂਪ ਦਿੱਤਾ।

ਆਯੋਜਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਸਮਾਗਮਾਂ ਦਾ ਉਦੇਸ਼ ਸਥਾਨਕ ਕਲਾਕਾਰਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਦੇਣ ਦੇ ਨਾਲ-ਨਾਲ ਲੋਕਾਂ ਵਿੱਚ ਕਲਾ ਅਤੇ ਸੱਭਿਆਚਾਰ ਪ੍ਰਤੀ ਰੁਚੀ ਵਧਾਉਣਾ ਹੈ ।

# ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ ਜਸਵਿੰਦਰ ਸਿੰਘ ਛਿੰਦਾ ਦੇ ਨਾਵਲ 'ਹਵਾਲਾਤ' ਉੱਪਰ ਗੋਸ਼ਟੀ ਸਮਾਗਮ 2 ਅਗਸਤ ਨੂੰ




**ਸੰਗਰੂਰ, 27 ਜੁਲਾਈ (ਆਰ.ਬੀ.)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ 2 ਅਗਸਤ ਦਿਨ ਐਤਵਾਰ ਨੂੰ ਸਵੇਰੇ ਸਹੀ 10:00 ਵਜੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਜਸਵਿੰਦਰ ਸਿੰਘ ਛਿੰਦਾ ਦੇ ਚਰਚਿਤ ਨਾਵਲ 'ਹਵਾਲਾਤ' ਉੱਪਰ ਗੋਸ਼ਟੀ ਕਰਵਾਈ ਜਾਵੇਗੀ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ ਕਰਨਗੇ। ਪੁਸਤਕ ਸਬੰਧੀ ਪਰਚਾ ਡਾ. ਭੁਪਿੰਦਰ ਸਿੰਘ ਬੇਦੀ ਪੜ੍ਹਨਗੇ ਅਤੇ ਵਿਚਾਰ-ਚਰਚਾ ਵਿੱਚ ਡਾ. ਤੇਜਾ ਸਿੰਘ ਤਿਲਕ, ਡਾ. ਮੀਤ ਖਟੜਾ, ਡਾ. ਬਲਦੇਵ ਸਿੰਘ ਅਤੇ ਡਾ. ਮਨੀਸ਼ਾ ਰਾਣੀ ਹਿੱਸਾ ਲੈਣਗੇ। ਇਸ ਮੌਕੇ ਆਜ਼ਾਦੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ।

# ਕਹਾਣੀ – ਇਮਾਨਦਾਰੀ

ਇੱਕ ਵਾਰ ਦੀ ਗੱਲ ਹੈ ਕਿ ਇੱਕ ਪਿੰਡ ਵਿੱਚ ਇੱਕ ਕਿਸ਼ਨ ਨਾਂ ਦਾ ਵਿਅਕਤੀ ਅਤੇ ਉਸ ਦਾ ਪਰਿਵਾਰ ਰਹਿੰਦਾ ਸੀ। ਕਿਸਨ ਇੱਕ ਦੁਕਾਨਦਾਰ ਸੀ ਜੋ ਬਹੁਤ ਮਿਹਨਤੀ ਸੀ। ਇੱਕ ਵਾਰ ਉਹ ਦੁਕਾਨ ਜਾ ਰਿਹਾ ਸੀ ਕਿ ਉਦੋਂ ਹੀ ਉਸਦਾ ਦੋਸਤ ਸ਼ੰਕਰ ਆ ਗਿਆ ਅਤੇ ਕਹਿਣ ਲੱਗਾ ਕਿ ਚੱਲ ਅੱਜ ਮੈਂ ਤੇਰੇ ਨਾਲ ਦੁਕਾਨ ਜਾਵਾਂਗਾ। ਕਿਸ਼ਨ ਕਹਿਣ ਲੱਗਾ ਕਿਉਂ ਤੂੰ ਅੱਜ ਕੰਮ ਨਹੀਂ ਜਾਣਾ। ਸ਼ੰਕਰ ਕਹਿੰਦਾ ਨਹੀਂ ਅੱਜ ਮੇਰੀ ਛੁੱਟੀ ਹੈ। ਕਿਸ਼ਨ ਕਹਿੰਦਾ ਠੀਕ ਹੈ ਤੂੰ ਮੇਰੇ ਨਾਲ ਦੁਕਾਨ ਤੇ ਚੱਲ । ਜਦੋਂ ਕਿਸ਼ਨ ਅਤੇ ਉਸ ਦਾ ਦੋਸਤ ਦੁਕਾਨ ਪਹੁੰਚ ਗਏ ਤਾਂ ਕਿਸ਼ਨ ਨੂੰ ਪਤਾ ਸੀ ਕਿ ਉਸ ਦਾ ਦੋਸਤ ਸ਼ੰਕਰ ਬਹੁਤ ਲਾਲਚੀ ਹੈ। ਇਸ ਕਰਕੇ ਉਸਨੇ ਸ਼ੰਕਰ ਨੂੰ ਇੱਕ ਪਾਸੇ ਬਿਠਾ ਦਿੱਤਾ ਅਤੇ ਆਪਣਾ ਕੰਮ ਕਰਨ ਲੱਗ ਗਿਆ। ਜਦੋਂ ਕਿਸ਼ਨ ਦੁਪਹਿਰ ਦਾ ਖਾਣਾ ਖਾਣ ਲਈ ਘਰ ਜਾਣ ਲੱਗਾ ਤਾਂ ਉਸਨੇ ਆਪਣੇ ਦੋਸਤ ਸ਼ੰਕਰ ਤੇ ਭਰੋਸਾ ਕਰਕੇ ਉਸਨੂੰ ਕਿਹਾ ਕਿ ਉਹ ਦੁਕਾਨ ਦਾ ਧਿਆਨ ਰੱਖੇ। ਜਦੋਂ ਕਿਸ਼ਨ ਘਰ ਜਾਣ ਲੱਗਾ ਤਾਂ ਉਸਦੇ ਦੋਸਤ ਸ਼ੰਕਰ ਨੇ ਕਿਸ਼ਨ ਦੇ ਗੱਲੇ ਵਿੱਚੋਂ ਪੈਸੇ ਚੁਰਾ ਲਏ। ਜਦੋਂ ਕਿਸ਼ਨ ਖਾਣਾ ਖਾ ਕੇ ਵਾਪਸ ਆਇਆ ਤਾਂ ਸ਼ੰਕਰ ਨੇ ਕਿਹਾ ਕਿ ਚੰਗਾ ਮੈਂ ਆਪਣੇ ਘਰ ਜਾ ਰਿਹਾ ਹਾਂ। ਕਿਸ਼ਨ ਨੇ ਕਿਹਾ ਠੀਕ ਹੈ ਤੂੰ ਆਪਣੇ ਘਰ ਜਾ ਜਦੋਂ ਕਿਸ਼ਨ ਸ਼ਾਮ ਨੂੰ ਪੈਸੇ ਦੀ ਗਿਣਤੀ ਕਰਨ ਲੱਗਾ ਤਾਂ ਉਸਦੇ ਪੈਸੇ ਘੱਟ ਸੀ ਪਰ ਉਸ ਨੂੰ ਲੱਗਿਆ ਕਿ ਸ਼ਾਇਦ ਅੱਜ ਐਨੇ ਹੀ ਪੈਸੇ ਬਣੇ ਹੋਣੇ । ਅਗਲੇ ਦਿਨ ਜਦੋਂ ਕਿਸ਼ਨ ਫਿਰ ਸਵੇਰੇ ਉੱਠ ਕੇ ਦੁਕਾਨ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਉਸ ਦਾ ਦੋਸਤ ਸ਼ੰਕਰ ਉਸਦੇ ਘਰ ਆਇਆ ਅਤੇ ਕਿਹਾ ਕਿ ਯਾਰ ਅੱਜ ਮੈਂ ਫਿਰ ਤੋਂ ਛੁੱਟੀ ਤੇ ਹਾਂ ਅਤੇ ਘਰ ਮੇਰਾ ਵਿਹਲੇ ਦਾ ਜੀ ਨਹੀਂ ਲੱਗਦਾ, ਕੀ ਮੈਂ ਤੇਰੇ ਨਾਲ ਤੇਰੀ ਦੁਕਾਨ ਤੇ ਚਲਾ, ਕਿਸ਼ਨ ਨੇ ਸੋਚ ਕੇ ਕਿਹਾ, ਠੀਕ ਹੈ ਤੂੰ ਚੱਲ । ਸ਼ੰਕਰ ਦੁਕਾਨ ਪਹੁੰਚ ਕੇ ਇੱਕ ਪਾਸੇ ਬੈਠ ਗਿਆ ਤੇ ਕਿਸ਼ਨ ਫਿਰ ਤੋਂ ਦੁਕਾਨ ਦਾ ਕੰਮ ਕਰਨ ਲੱਗ ਗਿਆ । ਦੁਪਹਿਰ ਹੋਣ ਤੋਂ ਪਹਿਲਾਂ ਕਿਸ਼ਨ ਨੇ ਆਪਣੇ ਪੈਸੇ ਦੀ ਗਿਣਤੀ ਕੀਤੀ ਤੇ ਫਿਰ ਦੁਕਾਨ ਤੇ ਸ਼ੰਕਰ ਨੂੰ ਬਿਠਾ ਕੇ ਖਾਣਾ ਖਾਣ ਚਲਾ ਗਿਆ। ਜਦੋਂ ਉਹ ਵਾਪਸ ਆਇਆ ਤਾਂ ਸ਼ੰਕਰ ਨੇ ਕਿਹਾ ਕਿ ਚੰਗਾ ਮੈਂ ਵੀ ਖਾਣਾ ਖਾਣ ਜਾਣਾ ਹੈ। ਕਿਸ਼ਨ ਨੇ ਕਿਹਾ ਠੀਕ ਹੈ। ਜਦੋਂ ਕਿਸ਼ਨ ਪੈਸਿਆਂ ਦੀ ਗਿਣਤੀ ਕਰਨ ਲੱਗਾ ਤਾਂ ਫਿਰ ਤੋਂ ਪੈਸੇ ਘੱਟ ਸੀ ਕਿਸ਼ਨ ਨੇ ਸੋਚਿਆ ਕਿ ਦੁਕਾਨ 'ਚ ਤਾਂ ਸ਼ੰਕਰ ਹੀ ਸੀ ਫਿਰ ਪੈਸੇ ਕਿਵੇਂ ਘੱਟ ਗਏ। ਕਿਸ਼ਨ ਸ਼ਾਮ ਨੂੰ ਘਰ ਗਿਆ ਅਤੇ ਆਪਣੇ ਪਰਿਵਾਰ ਨੂੰ ਗੱਲ ਦੱਸੀ ਤਾਂ ਸਾਰੇ ਸੋਚਣ ਲੱਗੇ ਕਿ ਪੈਸੇ ਕਿਵੇਂ ਘੱਟ ਗਏ। ਕਿਸ਼ਨ ਨੇ ਕਿਹਾ ਕਿ ਉਸ ਦਾ ਦੋਸਤ ਸ਼ੰਕਰ ਬਹੁਤ ਲਾਲਚੀ ਹੈ, ਕਿਤੇ ਉਸਨੇ ਪੈਸੇ ਨਾ ਚੋਰੀ ਕੀਤੇ ਹੋਣ। ਕਿਸ਼ਨ ਨੇ ਅਗਲੇ ਦਿਨ ਆਪਣੇ ਦੁਕਾਨ ਵਿੱਚ ਕੈਮਰੇ ਲਗਵਾ ਦਿੱਤੇ। ਜਦੋਂ ਉਸ ਦਾ ਦੋਸਤ ਸ਼ੰਕਰ ਉਸਦੀ ਦੁਕਾਨ ਤੇ ਆਇਆ ਅਤੇ ਕਿਹਾ ਕਿ ਅੱਜ ਤੂੰ ਖਾਣਾ ਖਾਣ ਨਹੀਂ ਜਾਣਾ ਤਾਂ ਕਿਸ਼ਨ ਨੇ ਕਿਹਾ ਹਾਂ ਜਾਣਾ ਹੈ ਜੇ ਤੂੰ ਵਿਹਲਾ ਹੈ ਮੇਰੀ ਦੁਕਾਨ ਦਾ ਧਿਆਨ ਰੱਖੀ। ਸ਼ੰਕਰ ਨੇ ਕਿਹਾ ਠੀਕ ਹੈ। ਕਿਸ਼ਨ ਜਦੋਂ ਘਰ ਗਿਆ ਤਾਂ ਉਸਦੇ ਦੋਸਤ ਸ਼ੰਕਰ ਨੇ ਉਸਦੇ ਪੈਸੇ ਫਿਰ ਤੋਂ ਚੁਰਾ ਲਏ। ਜਦੋਂ ਕਿਸ਼ਨ ਵਾਪਸ ਆਇਆ ਤਾਂ ਉਸਨੇ ਕੈਮਰੇ ਚੈੱਕ ਕੀਤੇ ਅਤੇ ਉਸਦੇ ਦੋਸਤ ਦੀ ਸੱਚਾਈ ਕਿਸ਼ਨ ਦੇ ਸਾਹਮਣੇ ਆ ਗਈ। ਇਹ ਵੇਖ ਕੇ ਸ਼ੰਕਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ,ਉਦੋਂ ਹੀ ਸ਼ੰਕਰ ਦਾ ਮਾਲਕ ਬਹਾਦੁਰ ਸਿੰਘ ਆਇਆ ਤਾਂ ਉਸਨੇ ਸ਼ੰਕਰ ਬਾਰੇ ਕਿਸ਼ਨ ਨੂੰ ਦੱਸਿਆ ਕਿ ਉਸਦੇ ਛੁੱਟੀਆਂ ਜ਼ਿਆਦਾ ਹੋਣ ਕਰਕੇ ਸ਼ੰਕਰ ਨੂੰ ਨੌਕਰੀ ਵਿੱਚੋਂ ਕੱਢ ਦਿੱਤਾ। ਸ਼ੰਕਰ ਬਹੁਤ ਸ਼ਰਮਿੰਦਾ ਹੋਇਆ ਅਤੇ ਕਿਸ਼ਨ ਤੋਂ ਮਾਫੀ ਮੰਗੀ। ਕਿਸ਼ਨ ਨੇ ਉਸ ਨੂੰ ਮਾਫ ਕਰ ਦਿੱਤਾ ਅਤੇ ਉਸਨੂੰ ਆਪਣੇ ਨਾਲ ਕੰਮ ਤੇ ਰੱਖ ਲਿਆ।



**ਸੁਖਮਨਜੀਤ ਕੌਰ ਜਾਗੋ**
**ਜਮਾਤ- ਸੱਤਵੀਂ**
**ਸਰਕਾਰ ਮਿਡਲ ਸਕੂਲ ਜਾਗੋ ਚਨਾਰਥਲ**
**ਸ੍ਰੀ ਫ਼ਤਹਿਗੜ੍ਹ ਸਾਹਿਬ।**

# ਮਨੁੱਖੀ ਆਭਾ ਮਿੱਥਕ ਜਾਂ ਹਕੀਕਤ?

ਮਨੁੱਖ ਦੀ ਸਭ ਤੋਂ ਵੱਡੀ ਊਰਜਾ ਉਹ ਨਹੀਂ ਜੋ ਅੱਖਾਂ ਨੂੰ ਦਿੱਸਦੀ ਹੈ, ਸਗੋਂ ਉਹ ਹੈ ਜੋ ਦੂਜਿਆਂ ਦੇ ਦਿੱਲਾਂ ਦੁਆਰਾ ਮਹਿਸੂਸ ਕੀਤੀ ਜਾਂਦੀ ਹੈ।

ਸਦੀਆਂ ਤੋਂ ਮਨੁੱਖਤਾ ਇੱਕ ਅਜਿਹੇ ਅਦਿੱਖ ਊਰਜਾ-ਖੇਤਰ ਦੀ ਧਾਰਨਾ ਨਾਲ ਪ੍ਰਭਾਵਿਤ ਹੁੰਦੀ ਰਹੀ ਹੈ ਜਿਸਨੂੰ ਮਨੁੱਖੀ ਆਭਾ (ਅੁਰਓ) ਕਿਹਾ ਜਾਂਦਾ ਹੈ। ਭਾਰਤ ਦੇ ਵੇਦਿਕ ਰਿਸ਼ੀਆਂ, ਤਿੱਬਤ ਦੇ ਬੋਧ ਭਿੱਖੂਆਂ, ਚੀਨ ਦੇ ਦਾਰਸ਼ਨਿਕਾਂ ਅਤੇ ਯੂਨਾਨ ਦੇ ਪ੍ਰਾਚੀਨ ਚਿੰਤਕਾਂ ਦਾ ਵਿਸ਼ਵਾਸ ਸੀ ਕਿ ਹਰ ਮਨੁੱਖ ਆਪਣੇ ਆਲੇ-ਦੁਆਲੇ ਇੱਕ ਅਦਿੱਖ ਸ਼ਕਤੀ ਦਾ ਪ੍ਰਸਾਰ ਕਰਦਾ ਹੈ, ਜੋ ਉਸਦੀ ਸਰੀਰਕ ਤੰਦਰੁਸਤੀ, ਭਾਵਨਾਤਮਕ ਸਥਿਤੀ ਅਤੇ ਆਤਮਿਕ ਚੇਤਨਾ ਨੂੰ ਪ੍ਰਗਟ ਕਰਦੀ ਹੈ। ਵੱਖ-ਵੱਖ ਸਭਿਆਚਾਰਾਂ ਵਿੱਚ ਸੰਤਾਂ ਅਤੇ ਮਹਾਨ ਆਤਮਾਵਾਂ ਦੇ ਚਿੱਤਰਾਂ ਵਿੱਚ ਉਨ੍ਹਾਂ ਦੇ ਸਿਰ ਦੇ ਆਲੇ-ਦੁਆਲੇ ਚਮਕਦਾ ਹੋਇਆ ਪ੍ਰਕਾਸ਼-ਮੰਡਲ ਦਰਸਾਇਆ ਜਾਂਦਾ ਹੈ, ਜੋ ਪਵਿੱਤਰਤਾ, ਗਿਆਨ ਅਤੇ ਅੰਦਰੂਨੀ ਪ੍ਰਕਾਸ਼ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਪਰ ਅੱਜ ਦੇ ਵਿਗਿਆਨਕ ਯੁੱਗ ਵਿੱਚ ਇੱਕ ਪ੍ਰਸ਼ਨ ਅਜੇ ਵੀ ਚਰਚਾ ਅਤੇ ਚਿੰਤਨ ਦਾ ਕੇਂਦਰ ਬਣਿਆ ਹੋਇਆ ਹੈ—ਕੀ ਮਨੁੱਖੀ ਆਭਾ ਇੱਕ ਅਸਲ ਹਕੀਕਤ ਹੈ ਜਾਂ ਸਿਰਫ਼ ਅਧਿਆਤਮਿਕ ਵਿਸ਼ਵਾਸ ਅਤੇ ਕਲਪਨਾ ਦਾ ਸੁੰਦਰ ਰੂਪ?

ਇਸ ਦਾ ਉੱਤਰ ਨਾ ਤਾਂ ਪੂਰੀ ਤਰ੍ਹਾਂ ਹਾਂ ਵਿੱਚ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਨਾ ਵਿੱਚ। ਅਸਲ ਵਿੱਚ ਇਹ ਵਿਗਿਆਨ, ਮਨੋਵਿਗਿਆਨ ਅਤੇ ਦਰਸ਼ਨ ਸ਼ਾਸਤਰ ਦੇ ਮਿਲਾਪ ਵਿੱਚ ਲੁਕਿਆ ਹੋਇਆ ਹੈ।

ਆਧੁਨਿਕ ਵਿਗਿਆਨ ਇਹ ਸਾਬਤ ਕਰ ਚੁੱਕਿਆ ਹੈ ਕਿ ਮਨੁੱਖੀ ਸਰੀਰ ਇੱਕ ਅਦਭੁੱਤ ਜੈਵ-ਬਿਜਲਈ ਅਤੇ ਜੈਵ-ਚੁੰਬਕੀ ਪ੍ਰਣਾਲੀ ਹੈ। ਸਾਡੇ ਦਿਲ ਦੀ ਹਰ ਧੜਕਣ ਬਿਜਲਈ ਸੰਕੇਤ ਪੈਦਾ ਕਰਦੀ ਹੈ, ਜਿਨ੍ਹਾਂ ਨੂੰ ਈਸੀਜੀ (ਓਛਘ) ਰਾਹੀਂ ਮਾਪਿਆ ਜਾਂਦਾ ਹੈ। ਇਸੇ ਤਰ੍ਹਾਂ ਦਿਮਾਗ਼ ਦੀ ਹਰ ਸੋਚ ਅਤੇ ਹਰ ਤੰਤਰਿਕ ਕਿਰਿਆ ਬਿਜਲਈ ਤਰੰਗਾਂ ਪੈਦਾ ਕਰਦੀ ਹੈ, ਜਿਨ੍ਹਾਂ ਨੂੰ ਈਈਜੀ (ਓਓਘ) ਨਾਲ ਦਰਜ ਕੀਤਾ ਜਾਂਦਾ ਹੈ। ਇਹ ਬਿਜਲਈ ਗਤੀਵਿਧੀਆਂ ਬਹੁਤ ਹੀ ਕਮਜ਼ੋਰ ਚੁੰਬਕੀ ਖੇਤਰ ਵੀ ਬਣਾਉਂਦੀਆਂ ਹਨ, ਜਿਨ੍ਹਾਂ ਨੂੰ ਆਧੁਨਿਕ ਸੰਵੇਦਨਸ਼ੀਲ ਯੰਤਰ ਮਾਪ ਸਕਦੇ ਹਨ।

ਪਰ ਇਹ ਮਾਪਣਯੋਗ ਜੈਵ-ਬਿਜਲਈ ਸੰਕੇਤ ਉਹ ਰੰਗ-ਬਿਰੰਗੀ ਆਭਾ ਨਹੀਂ ਹਨ ਜਿਸਦਾ ਜ਼ਿਕਰ ਅਧਿਆਤਮਿਕ ਸਾਹਿਤ ਵਿੱਚ ਮਿਲਦਾ ਹੈ। ਕਈ ਦਹਾਕਿਆਂ ਦੀ ਖੋਜ ਦੇ ਬਾਵਜੂਦ ਵਿਗਿਆਨ ਅਜੇ ਤੱਕ ਅਜਿਹਾ ਕੋਈ ਸਰਵਸੰਮਤੀ ਵਾਲਾ ਪ੍ਰਮਾਣ ਪੇਸ਼ ਨਹੀਂ ਕਰ ਸਕਿਆ ਜੋ ਮਨੁੱਖ ਦੇ ਆਲੇ-ਦੁਆਲੇ ਕਿਸੇ ਰੰਗੀਨ ਊਰਜਾ-ਖੇਤਰ ਦੀ ਮੌਜੂਦਗੀ ਨੂੰ ਸਾਬਤ ਕਰੇ। ਕਿਰਲਿਅਨ ਫੋਟੋਗ੍ਰਾਫੀ ਵਰਗੀਆਂ ਤਕਨੀਕਾਂ ਨੂੰ ਵੀ ਵਿਗਿਆਨ ਆਮ ਤੌਰ 'ਤੇ ਬਿਜਲਈ ਕੋਰੋਨਾ ਡਿਸਚਾਰਜ ਦਾ ਨਤੀਜ਼ਾ ਮੰਨਦਾ ਹੈ, ਨਾ ਕਿ ਮਨੁੱਖੀ ਆਭਾ ਦੀ ਤਸਵੀਰ। ਕੀ ਇਸਦਾ ਅਰਥ ਇਹ ਹੈ ਕਿ ਆਭਾ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਜਾਵੇ? ਜ਼ਰੂਰੀ ਨਹੀਂ।

ਇੱਥੇ ਮਨੋਵਿਗਿਆਨ ਇੱਕ ਦਿਲਚਸਪ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਅਸੀਂ ਸਾਰੇ ਕਦੇ ਨਾ ਕਦੇ ਅਜਿਹੇ ਵਿਅਕਤੀਆਂ ਨੂੰ ਮਿਲੇ ਹਾਂ ਜਿਨ੍ਹਾਂ ਦੀ ਸਿਰਫ਼ ਮੌਜੂਦਗੀ ਹੀ ਸਾਡੇ ਅੰਦਰ ਵਿਸ਼ਵਾਸ, ਸ਼ਾਂਤੀ ਅਤੇ ਅਪਣੱਤ ਦੀ ਭਾਵਨਾ ਪੈਦਾ ਕਰ ਦਿੰਦੀ ਹੈ। ਦੂਜੇ ਪਾਸੇ ਕੁਝ ਲੋਕਾਂ ਦੀ ਮੌਜੂਦਗੀ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਬੇਚੈਨੀ ਜਾਂ ਤਣਾਅ ਦਾ ਅਹਿਸਾਸ ਕਰਵਾ ਦਿੰਦੀ ਹੈ।

ਮਨੋਵਿਗਿਆਨੀ ਦੱਸਦੇ ਹਨ ਕਿ ਸਾਡਾ ਦਿਮਾਗ ਕੁਝ ਹੀ ਪਲਾਂ ਵਿੱਚ ਸਾਹਮਣੇ ਵਾਲੇ ਦੇ ਚਿਹਰੇ ਦੇ ਹਾਵ-ਭਾਵ, ਸਰੀਰਕ ਭਾਸ਼ਾ, ਅੱਖਾਂ ਦੇ ਸੰਪਰਕ, ਆਵਾਜ਼ ਦੇ ਲਹਿਜ਼ੇ, ਸਾਹ ਲੈਣ ਦੇ ਢੰਗ ਅਤੇ ਹੋਰ ਅਨੇਕਾਂ ਗੈਰ-ਮੌਖਿਕ ਸੰਕੇਤਾਂ ਦਾ ਵਿਸ਼ਲੇਸ਼ਣ ਕਰਕੇ ਉਸ ਬਾਰੇ ਇੱਕ ਪ੍ਰਭਾਵ ਬਣਾ ਲੈਂਦਾ ਹੈ। ਜਿਸਨੂੰ ਲੋਕ ਆਮ ਭਾਸ਼ਾ ਵਿੱਚ "ਕਿਸੇ ਦੀ ਆਭਾ ਮਹਿਸੂਸ ਕਰਨਾ" ਕਹਿੰਦੇ ਹਨ, ਉਹ ਸੰਭਵ ਹੈ ਕਿ ਸਾਡੇ ਅਵਚੇਤਨ ਮਨ ਦੀ ਇਹੀ ਅਸਾਧਾਰਣ ਸਮਰੱਥਾ ਹੋਵੇ।



ਭਾਵਨਾਤਮਕ ਸੰਕਰਮਣ (Emoitonal Contaigon) ਬਾਰੇ ਹੋਈਆਂ ਖੋਜਾਂ ਵੀ ਇਸ ਗੱਲ ਨੂੰ ਮਜ਼ਬੂਤ ਕਰਦੀਆਂ ਹਨ। ਭਾਵਨਾਵਾਂ ਇੱਕ ਵਿਅਕਤੀ ਤੋਂ ਦੂਜੇ ਤੱਕ ਫੈਲਦੀਆਂ ਹਨ। ਇੱਕ ਮੁਸਕਰਾਹਟ ਦੂਜੇ ਦੇ ਚਿਹਰੇ 'ਤੇ ਵੀ ਮੁਸਕਰਾਹਟ ਲਿਆ ਸਕਦੀ ਹੈ। ਸ਼ਾਂਤ ਸੁਭਾਅ ਤਣਾਅ ਘਟਾਉਂਦਾ ਹੈ। ਗੁੱਸਾ ਟਕਰਾਅ ਨੂੰ ਵੱਧਾਉਂਦਾ ਹੈ। ਆਸ਼ਾਵਾਦ ਦੂਜਿਆਂ ਵਿੱਚ ਆਤਮ-ਵਿਸ਼ਵਾਸ ਜਗਾਉਂਦਾ ਹੈ। ਇੱਕ ਵਿਅਕਤੀ ਦਾ ਭਾਵਨਾਤਮਕ ਮਾਹੌਲ ਪੂਰੇ ਪਰਿਵਾਰ, ਸਕੂਲ, ਦਫ਼ਤਰ ਜਾਂ ਸਮਾਜ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸ ਅਰਥ ਵਿੱਚ ਮਨੁੱਖ ਨਿਸ਼ਚਿਤ ਤੌਰ 'ਤੇ ਕੁਝ ਅਦਿੱਖ ਤਰੰਗਾਂ ਪ੍ਰਸਾਰਿਤ ਕਰਦਾ ਹੈ—ਭਾਵੇਂ ਉਹ ਰੰਗੀਨ ਪ੍ਰਕਾਸ਼ ਨਾ ਹੋਵੇ, ਪਰ ਇੱਕ ਅਜਿਹੀ ਭਾਵਨਾਤਮਕ ਊਰਜਾ ਜੋ ਦੂਜਿਆਂ ਦੇ ਜੀਵਨ 'ਤੇ ਡੂੰਘਾ ਪ੍ਰਭਾਵ ਪਾਉਂਦੀ ਹੈ।

ਫਿਰ ਇੱਕ ਹੋਰ ਮਹੱਤਵਪੂਰਨ ਸਵਾਲ ਉੱਠਦਾ ਹੈ—ਕੀ ਸਾਡੀ ਆਭਾ ਜਾਂ ਨਿੱਜੀ ਊਰਜਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ?

ਚਾਹੇ ਇਸ ਨੂੰ ਅਧਿਆਤਮਿਕ ਨਜ਼ਰੀਏ ਨਾਲ ਦੇਖਿਆ ਜਾਵੇ ਜਾਂ ਮਨੋਵਿਗਿਆਨਕ ਦ੍ਰਿਸ਼ਟੀ ਨਾਲ, ਜਵਾਬ ਲਗਭਗ ਇੱਕੋ ਹੀ ਹੈ। ਚੰਗੀ ਸਿਹਤ, ਰੋਜ਼ਾਨਾ ਕਸਰਤ, ਪੂਰੀ ਨੀਂਦ, ਸੰਤੁਲਿਤ ਭੋਜਨ, ਧਿਆਨ, ਸੁਚੇਤ ਜੀਵਨ-ਸ਼ੈਲੀ, ਦਇਆ, ਇਮਾਨਦਾਰੀ ਅਤੇ ਸਾਰਥਕ ਰਿਸ਼ਤੇ ਮਨੁੱਖ ਨੂੰ ਮਾਨਸਿਕ ਸਥਿਰਤਾ ਅਤੇ ਭਾਵਨਾਤਮਕ ਸੰਤੁਲਨ ਪ੍ਰਦਾਨ ਕਰਦੇ ਹਨ। ਇਹ ਆਦਤਾਂ ਤਣਾਅ ਨੂੰ ਘੱਟਾਉਂਦੀਆਂ ਹਨ, ਦਿਮਾਗ਼ ਦੀ ਕਾਰਗੁਜ਼ਾਰੀ ਨੂੰ ਸੁਧਾਰਦੀਆਂ ਹਨ ਅਤੇ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਵਧਾਉਂਦੀਆਂ ਹਨ।

ਇਸਦੇ ਉਲਟ ਲਗਾਤਾਰ ਗੁੱਸਾ, ਈਰਖਾ, ਡਰ, ਨਫ਼ਰਤ ਅਤੇ ਚਿੰਤਾ ਮਨੁੱਖ ਦੀ ਅੰਦਰੂਨੀ ਊਰਜਾ ਨੂੰ ਕਮਜ਼ੋਰ ਕਰ ਦਿੰਦੇ ਹਨ। ਇਹ ਸਿਰਫ਼ ਵਿਅਕਤੀ ਨੂੰ ਹੀ ਨਹੀਂ, ਸਗੋਂ ਉਸਦੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਹਰ ਅਧਿਆਪਕ, ਡਾਕਟਰ, ਪ੍ਰਸ਼ਾਸਕ, ਨੇਤਾ, ਮਾਪੇ ਜਾਂ ਦੋਸਤ ਆਪਣੀ ਰੋਜ਼ਾਨਾ ਦੀ ਵਰਤੋਂ ਰਾਹੀਂ ਦੂਜਿਆਂ 'ਤੇ ਇੱਕ ਅਦਿੱਖ ਛਾਪ ਛੱਡਦਾ ਹੈ।

ਇਸ ਲਈ ਭਾਵੇਂ ਵਿਗਿਆਨ ਨੇ ਅਜੇ ਤੱਕ ਰੰਗੀਨ ਆਭਾ ਦੀ ਪੁਸ਼ਟੀ ਨਹੀਂ ਕੀਤੀ, ਪਰ ਇਹ ਵਾਰ-ਵਾਰ ਸਾਬਤ ਕਰ ਚੁੱਕਿਆ ਹੈ ਕਿ ਮਨੁੱਖ ਦੇ ਵਿਚਾਰ, ਭਾਵਨਾਵਾਂ ਅਤੇ ਵਿਉਹਾਰ ਵਿਅਕਤੀਗਤ ਅਤੇ ਸਮਾਜਿਕ ਜੀਵਨ 'ਤੇ ਡੂੰਘਾ ਪ੍ਰਭਾਵ ਪਾਉਂਦੇ ਹਨ।

ਸ਼ਾਇਦ ਅਸੀਂ ਗਲਤ ਸਵਾਲ ਪੁੱਛ ਰਹੇ ਹਾਂ। ਆਭਾ ਦੀ ਤਸਵੀਰ ਖਿੱਚਣ ਦੀ ਬਜਾਏ ਸਾਨੂੰ ਇਹ ਸੋਚਣਾ ਚਾਹੀਦਾ ਹੈ—ਕੀ ਦਇਆ ਨੂੰ ਮਾਪਿਆ ਜਾ ਸਕਦਾ ਹੈ? ਕੀ ਇਮਾਨਦਾਰੀ ਦਾ ਵਜ਼ਨ ਕੀਤਾ ਜਾ ਸਕਦਾ ਹੈ? ਕੀ ਕਰੁਣਾ ਨੂੰ ਕਿਸੇ ਯੰਤਰ ਨਾਲ ਗਿਣਿਆ ਜਾ ਸਕਦਾ ਹੈ? ਇਹ ਗੁਣ ਭਾਵੇਂ ਵਿਗਿਆਨਕ ਉਪਕਰਣਾਂ 'ਤੇ ਦਿਖਾਈ ਨਾ ਦੇਣ, ਪਰ ਇਹ ਹਰ ਰੋਜ਼ ਅਣਗਿਣਤ ਜੀਵਨਾਂ ਨੂੰ ਬਦਲਦੇ ਹਨ।

ਅਸਲ ਮਨੁੱਖੀ ਆਭਾ ਸ਼ਾਇਦ ਸਰੀਰ ਦੇ ਆਲੇ-ਦੁਆਲੇ ਚਮਕਣ ਵਾਲਾ ਕੋਈ ਪ੍ਰਕਾਸ਼ ਨਹੀਂ, ਸਗੋਂ ਉਹ ਅਦਿੱਖ ਪ੍ਰਭਾਵ ਹੈ ਜੋ ਮਨੁੱਖ ਦੇ ਚਰਿੱਤਰ ਵਿਚੋਂ ਨਿਕਲਦਾ ਹੈ। ਇੱਕ ਦਇਆਲੂ ਡਾਕਟਰ ਭਰੋਸੇ ਦੀ ਆਭਾ ਫੈਲਾਉਂਦਾ ਹੈ।ਇੱਕ ਪ੍ਰੇਰਣਾਦਾਇਕ ਅਧਿਆਪਕ ਆਤਮ-ਵਿਸ਼ਵਾਸ ਜਗਾਉਂਦਾ ਹੈ। ਇੱਕ ਇਮਾਨਦਾਰ ਪ੍ਰਸ਼ਾਸਕ ਵਿਸ਼ਵਾਸ ਦੀ ਨੀਂਹ ਰੱਖਦਾ ਹੈ। ਇੱਕ ਪਿਆਰ ਕਰਨ ਵਾਲਾ ਮਾਪੇ ਸੁਰੱਖਿਆ ਦਾ ਅਹਿਸਾਸ ਦਿੰਦਾ ਹੈ। ਇੱਕ ਦੂਰਅੰਦੇਸ਼ ਨੇਤਾ ਆਸ ਅਤੇ ਹੌਸਲਾ ਪੈਦਾ ਕਰਦਾ ਹੈ।

ਇਨ੍ਹਾਂ ਵਿੱਚੋਂ ਕਿਸੇ ਵੀ ਗੁਣ ਨੂੰ ਅਲੌਕਿਕ ਸ਼ਕਤੀ ਦੀ ਲੋੜ ਨਹੀਂ, ਫਿਰ ਵੀ ਇਨ੍ਹਾਂ ਦੀ ਤਾਕਤ ਅਸਾਧਾਰਣ ਹੈ।

ਮਨੁੱਖੀ ਸਭਿਆਚਾਰ ਹਮੇਸ਼ਾ ਉਹਨਾਂ ਮਹਾਨ ਵਿਅਕਤੀਆਂ ਕਰਕੇ ਅੱਗੇ ਵਧਿਆ ਹੈ ਜਿਨ੍ਹਾਂ ਦੇ ਉੱਚੇ ਚਰਿੱਤਰ ਨੇ ਦੂਜਿਆਂ ਦੇ ਜੀਵਨ ਨੂੰ ਰੌਸ਼ਨ ਕੀਤਾ। ਉਨ੍ਹਾਂ ਦੀ ਵਿਰਾਸਤ ਉਨ੍ਹਾਂ ਦੀ ਦੌਲਤ ਜਾਂ ਅਹੁਦੇ ਨਾਲ ਨਹੀਂ, ਸਗੋਂ ਉਨ੍ਹਾਂ ਵੱਲੋਂ ਛੱਡੀ ਗਈ ਸਕਾਰਾਤਮਕ ਊਰਜਾ ਨਾਲ ਜਿਉਂਦੀ ਰਹੀ।

ਇਸ ਲੇਖ ਦਾ ਸਾਰ ਬਹੁਤ ਸਧਾਰਨ ਪਰ ਬਹੁਤ ਡੂੰਘਾ ਹੈ। ਅਸੀਂ ਜੋ ਵੀ ਸੋਚਦੇ ਹਾਂ, ਜੋ ਵੀ ਬੋਲਦੇ ਹਾਂ ਅਤੇ ਜੋ ਵੀ ਕਰਦੇ ਹਾਂ, ਉਹ ਸਾਡੇ ਆਲੇ-ਦੁਆਲੇ ਇੱਕ ਅਦਿੱਖ ਮਾਹੌਲ ਦੀ ਰਚਨਾ ਕਰਦਾ ਹੈ। ਅਸੀਂ ਇਸਨੂੰ ਆਭਾ, ਭਾਵਨਾਤਮਕ ਮੌਜੂਦਗੀ ਜਾਂ ਮਨੋਵਿਗਿਆਨਕ ਪ੍ਰਭਾਵ ਜੋ ਵੀ ਨਾਮ ਦੇਈਏ, ਸੱਚਾਈ ਇਹ ਹੈ ਕਿ ਸਾਡਾ ਅੰਦਰੂਨੀ ਸੰਸਾਰ ਲਗਾਤਾਰ ਬਾਹਰੀ ਸੰਸਾਰ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ।

ਇਸ ਲਈ ਮਨੁੱਖ ਦੀ ਸਭ ਤੋਂ ਪ੍ਰਕਾਸ਼ਮਾਨ ਆਭਾ ਉਹ ਨਹੀਂ ਜੋ ਅੱਖਾਂ ਨੂੰ ਚਮਕਾਏ, ਸਗੋਂ ਉਹ ਹੈ ਜੋ ਮਨਾਂ ਨੂੰ ਰੌਸ਼ਨ ਕਰੇ, ਦਿਲਾਂ ਨੂੰ ਸਕੂਨ ਦੇਵੇ ਅਤੇ ਮਨੁੱਖਤਾ ਨੂੰ ਪ੍ਰੇਰਿਤ ਕਰੇ। ਅਜਿਹੀ ਆਭਾ ਨਾ ਕਿਸੇ ਚਮਤਕਾਰ ਦੀ ਮੋਹਤਾਜ਼ ਹੈ ਅਤੇ ਨਾ ਹੀ ਕਿਸੇ ਵਿਗਿਆਨਕ ਯੰਤਰ ਦੀ। ਇਹ ਸੱਚਾਈ, ਦਇਆ, ਗਿਆਨ ਅਤੇ ਨਿਸ਼ਕਾਮ ਸੇਵਾ ਰਾਹੀਂ ਬਣਦੀ ਹੈ—ਅਤੇ ਇਹੀ ਮਨੁੱਖੀ ਊਰਜਾ ਦਾ ਸਭ ਤੋਂ ਉੱਚਾ ਰੂਪ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**